ਇਸ਼ਕ ਦਾ ਦੀਵਾ

(ਕਾਵਿ ਸੰਗ੍ਰਹਿ)

ਸ਼ਹਿਨਾਜ਼ ਮਜ਼ੱਮਲ

Title Design By: Agha Nisar 7210011

ਇਸ਼ਕ ਦਾ ਦੀਵਾ

(ਕਾਵਿ ਸੰਗ੍ਰਹਿ)

ਸ਼ਹਿਨਾਜ਼ ਮੁਜ਼ੱਮਿਲ

ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ

ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵਿਭਾਗ, ਲਾਹੌਰ, ਪੰਜਾਬ

891-421 SHAHNAZ MUZZAMIL
SHA-I ISHAQ DA DEVA /SHAHNAZ MUZAMMIL----- LAHORE
INSTITUTE OF PUNJABI LANGUAGE & CULTURE ; 2004
P-120

ISHAQ DA DEVA

(Punjabi Poetry)

BY: **SHAHNAZ MUZAMMIL**

Price:Pak Rs 200.00,US $ 15.00,Europe € 10.00
First Edition:September 29;2004
Code:IPLAC-11(152/0024/9-5H
Published by: ILYAS GHUMMAN
Chairman:Institute Of Punjabi Language &Culture
24 Ameer Road,Bilal Gunj, Lahore, PAKISTAN
e-mail:ighumman@ pol.com.pk
(0092-333-4358387 & 0092-42-7244969)

ਕਦੀ ਨਾ ਭੁੱਲਣ ਵਾਲਿਆਂਦੇ ਨਾਂ

ਜਾਣ ਪਛਾਣ

ਨਾਂ: ਸ਼ਹਿਨਾਜ਼ ਮੁਜ਼ੱਮਿਲ
ਜਨਮ ਮਿੱਤੀ: ੧੦ ਅਪ੍ਰੈਲ
ਵਿੱਦਅਕ ਯੋਗਤਾ: ਐਮ. ਏ. ਲਾਈਬਰੇਰੀ ਸਾਇੰਸ,
ਡਿਪਲੋਮਾ ਸਾਈਂਟੀਫਕ ਮੈਨਿਜਮੈਂਟ (ਨੀਦਰ ਲੈਂਡ),
ਡੀ. ਐਚ. ਐਮ, ਐਸ (D. H. M. S.)
ਕਿੱਤਾ : ਅਸਿੱਸਟੈਂਟ ਡਾਇਰੈਕਟਰ ਲਾਈਬਰੇਰੀ, ਐਸ. ਐਂਡ. ਜੀ. ਏ. ਡੀ ਸਿਵਲ ਸੈਕਰੀਟਰੇਟ, ਲਾਹੌਰ

ਛੱਪੀਆਂ ਕਿਤਾਬਾਂ:

ਪੰਜਾਬੀ ਸ਼ਾਇਰੀ:

ਇਸ਼ਕ ਦਾ ਦੀਵਾ

ਉਰਦੂ ਸ਼ਾਇਰੀ:

੧- ਪਿਯਾਮੇ ਨੋ
੨- ਜੁਰਤੇ ਇਜ਼ਹਾਰ
੩- ਜਜ਼ਬੋ ਹਰੂਫ
੪- ਅਕਸੇ ਦੀਵਾਰ ਪੇ ਤਸਵੀਰ
੫- ਮੋਮ ਕੇ ਸਾਇਬਾਨ
੬- ਮੇਰੇ ਖ਼ਾਬ ਅਧੂਰੇ ਹੈਂ
੭- ਜਾਦਾ-ਏ-ਇਰਫ਼ਾਂ
੮- ਇਸ਼ਕ ਤਮਾਸ਼ਾ
੯- ਕਰਜ਼ੇ ਵਫਾ
੧੦- Ten Poets of Today
੧੧- ਲਾਈਬਰੇਰੀਉਂ ਕਾ ਸ਼ਹਿਰ (ਲਾਹੌਰ)
੧੨- ਫ਼ਰੋਗ਼ੇ ਮਤਾਲਿਆ ਕੇ ਬੁਨਯਾਦੀ ਕਰਦਾਰ
੧੩- ਨਮਾਜ਼ ਬੱਚੂੰ ਕੇ ਲੀਏ
੧੪- ਕਿਤਾਬਯਾਤੇ ਇਕਬਾਲ
੧੫- ਕਿਤਾਬਯਾਤੇ ਮਕਾਲਾ ਜਾਤ

ਛੱਪਣ ਅਧੀਨ ਪੁਸਤਕਾਂ:

੧- ਗੁੱਝੀਆਂ ਪੀੜਾਂ (ਪੰਜਾਬੀ ਸ਼ਾਇਰੀ)
੨- ਕੁਲਯਾਤ (ਉਰਦੂ ਸ਼ਾਇਰੀ)
੩- ਸ਼ਹਿਨਾਜ਼ ਕੀ ਗ਼ਜ਼ਲੇਂ
੪- ਤੇਰੇ ਬਾਅਦ (ਉਰਦੂ ਸ਼ਾਇਰੀ)
੫- ਦੋਸਤੀ ਕਾ ਸਫ਼ਰ (ਸਫ਼ਰਨਾਮਾ)
੬- ਉੱਜਲਾ ਕੌਨ ਮੈਲਾ ਕੌਨ (ਕਾਲਮ ਸੰਗ੍ਰਹਿ)

ਸਾਹਿਤਕ ਅਤੇ ਸੱਭਿਆਚਾਰਕ ਜ਼ਿੰਮੇ ਵਾਰੀਆਂ

ਚੇਅਰਪਰਸਨ: "ਅਦਬ ਸਰਾਏ" (ਕਾਇਮ ਸ਼ੁਦਾ 1988)
ਚੇਅਰਪਰਸਨ: "ਸੁਲਤਾਨ ਮੈਮੋਰੀਅਲ ਵੈਲਫ਼ੇਅਰ ਟ੍ਰਸਟ"
ਚੇਅਰਪਰਸਨ: "ਕਾਦਰੀ ਮੈਮੋਰੀਅਲ ਵੈਲਫ਼ੇਅਰ ਟ੍ਰਸਟ"
ਮੈਂਬਰ : ਲਾਹੌਰ ਕਲਚਰਲ ਕੌਂਸਲ
ਮੈਂਬਰ: ਰਾਈਟਰਜ਼ ਗਿਲਡ ਪਾਕਿਸਤਾਨ
ਮੈਂਬਰ: ਹਲਕਾ ਅਰਬਾਬੇ ਜ਼ੌਕ
ਮੈਂਬਰ: ਪਾਕਿਸਤਾਨ ਲਾਈਬਰੇਰੀ ਅਸੂਸੀਏਸ਼ਨ (ਪੀ. ਐਲ. ਏ)
ਮੈਂਬਰ: ਪੰਜਾਬੀ ਲਾਈਬਰੇਰੀ ਸਾਇੰਸ ਅਲੁੱਮਨਾਈ ਅਸੂਸੀ ਏਸ਼ਨ (ਪੁਲਸਾ)

ਪਤਾ: 125 ਐਫ਼, ਮਾਡਲ ਟਾਊਨ, ਲਾਹੌਰ, ਪਾਕਿਸਤਾਨ
ਫੋਨ: 0092-42-5832335
ਮੈਸ ਫੋਨ: 0092-300-4275692
e-mail: shahnazmuzammil@hotmail.com
adabsaraae@yahoo.com
websight: www.smpoetry.com.pk

ਨਿੱਕੀ ਜਿਹੀ ਗਲ

ਕਦੀ ਇੰਜ ਹੁੰਦਾ ਏ ਕਿ ਕਿਸੇ ਕੰਮ ਵਾਸਤੇ ਏਨੀ ਨੱਸ ਭੱਜ ਕਰਨੀ ਪੈਂਦੀ ਏ ਕਿ ਬੰਦਾ ਹੱਫ਼ ਜਾਂਦਾ ਏ ਤੇ ਵਾਜ ਲਾਂਦਾ ਏ:

ਖ਼ਤਮ ਕਰੋ ਇਹ ਇਸ਼ਕ ਤਮਾਸ਼ਾ
ਬਣ ਗਿਆ ਸਾਰੇ ਜਗ ਵਿਚ ਹਾਸਾ

ਤੇ ਕਦੀ ਕੋਈ ਕੰਮ ਬੜੀ ਤਰਤੀਬ ਨਾਲ ਪੂਰਾ ਹੋ ਕੇ ਏਸਰਾਂ ਸਾਹਮਣੇ ਆ ਜਾਂਦਾ ਏ ਕਿ ਅਕਲ ਹੈਰਾਨ ਹਹਿ ਜਾਂਦੀ ਏ।

ਉਰਦੂ ਸ਼ਾਇਰੀ ਦੀਆਂ ਦੱਸ ਕਿਤਾਬਾਂ ਅਤੇ ਪੰਜ ਨਸਰ (ਵਾਰਤਕ) ਅਤੇ ਤਹਿਕੀਕ (ਖੋਜ) ਦੀਆਂ ਕਿਤਾਬਾਂ ਤੇਰਾਂ ਸਾਲਾਂ ਵਿਚ ਪ੍ਰਕਾਸ਼ਤ ਹੋਈਆਂ, ਪੰਜਾਬੀ ਸ਼ਾਇਰੀ ਨਾਲੋ ਨਾਲ ਹੁੰਦੀ ਰਹੀ। ਉਰਦੂ ਸ਼ਾਇਰੀ ਦੀ ਗਿਆਰ੍ਹਵੀਂ ਕਿਤਾਬ "ਤੇਰੇ ਬਾਅਦ" ਤਿਆਰ ਹੋ ਰਹੀ ਸੀ, ਹਿਜਰ ਦੀ ਬੁੱਕਲ ਮਾਰ ਕੇ ਟੁਰਦਿਆਂ ਡੂੰਘੇ ਦਰਦ ਸਮੇਟੇ, ਗੁੱਝੀਆਂ ਪੀੜਾਂ ਅਤੇ ਲੰਮੇ ਪੈਂਡੇ ਨੇ ਥਕਾ ਦਿੱਤਾ। ਸਾਹ ਲੈਣ ਵਾਸਤੇ ਅੱਖਾਂ ਬੰਦ ਕੀਤੀਆਂ। ਅੱਖਾਂ ਅਗੇ ਜਨੇਰਾ ਈ ਹਨੇਰਾ ਸੀ, ਇਸ਼ਕ ਦਾ ਦੀਵਾ ਚਿਰੋਕਣੀ ਕੋਨ੍ਹ ਪਿਆ ਸੀ। ਦਿਲ ਵਿਚ ਦੁਖ ਦੇ ਭਾਂਭੜ ਬਲੇ ਤੇ ਇਹ ਦੀਵਾ ਆਪੋ ਆਪ ਬਲ ਗਿਆ। ਚਾਰੋਂ ਪਾਸੇ ਰੁਸ਼ਨਾਈ ਫੈਲ ਗਈ।

ਅੱਖਾਂ ਖੋਲ੍ਹ ਕੇ ਇਧਰ ਉਧਰ ਤੱਕਿਆ ਤੇ ਸਾਹਮਣੇ ਪੰਜਾਬੀ ਸ਼ਾਇਰੀ ਦੀ ਕਿਤਾਬ "ਇਸ਼ਕ ਦਾ ਦੀਵਾ" ਚੰਮ ਚੰਮ ਕਰ ਰਹੀ ਸੀ। ਅੱਚਨ ਚੇਤ ਸਭ ਕੁਝ ਹੋ ਗਿਆ। ਜਿੰਦੜੀ ਇਕ ਦੱਮ ਖਿੱੜ ਖਿੱੜ ਹੱਸ ਪਈ।

ਖ਼ੂਨੇ ਦਿਲ ਦੇ ਨਾਲ ਇਹ ਇਸ਼ਕ ਦਾ ਦੀਵਾ ਬਾਲਿਆ ਏ ਤੇ ਹੁਣ ਇਹਨੂੰ ਤੁਹਾਡੇ ਹੱਥਾਂ ਵਿਚ ਫੜਾ ਰਹੀ ਹਾਂ। ਹੋ ਸਕਦਾ ਏ, ਇਹਦੀ ਰੁਸ਼ਨਾਈ 'ਚ ਤੁਹਾਨੂੰ ਵੀ ਕੁਝ ਲਭ ਜਾਏ। ਜੋ ਕੁਝ ਤਹਾਨੂੰ ਜਜ਼ਰ ਆਵੇ, ਮੈਨੂੰ ਦੱਸਣਾ ਨਾ ਭੁਲਣਾ' ਮੈਂ ਤੁਹਾਡੇ ਵਿਚਾਰਾਂ ਨੂੰ ਉਡੀਕਾਂ ਗੀ।

ਰੱਬ ਰਾਖਾ

ਸ਼ਹਿਨਾਜ਼ ਮੁਜ਼ੱਮਿਲ
ਅਦਬ ਸਰਾਏ
125-ਐਫ਼ ਮਾਡਲ ਟਾਊਨ,
ਲਾਹੌਰ, ਪੰਜਾਬ, ਪਾਕਿਸਤਾਨ

ਹਮਦ

ਤੂੰ ਹੀ ਸੱਚਾ ਰੱਬ ਏ ਸਾਈਂ
ਉੱਚੀ ਤੇਰੀ ਜ਼ਾਤ
ਤੇਰੇ ਦਰ ਤੇ ਆ ਕੇ ਮੇਰੀ
ਅੱਖਾਂ ਵਿਚ ਬਰਸਾਤ
ਦੀਵੇ ਸਾਰੇ ਬੁੱਝਣ ਲੱਗੇ
ਢਲਦੀ ਜਾਵੇ ਰਾਤ
ਮੇਰਾ ਲੂੰ ਲੂੰ ਕੰਬਣ ਲੱਗਾ
ਕਿੰਜ ਕਰਾਂ ਗਲ ਬਾਤ
ਇੱਸਮੇ ਮੁਹੰਮਦ ਦਿੱਲ ਵਿਚ ਉਤਰੇ
ਨੂਰ ਬਣੇ ਸੁਗ਼ਾਤ
ਫੇਰ ਲਿਖਾਂ ਮੈਂ ਨਾਅਤ
ਉੱਚੀ ਤੇਰੀ ਜ਼ਾਤ ਏ ਸਾਈਂ
ਉੱਚੀ ਤੇਰੀ ਜ਼ਾਤ

♥♥♥

ਸੱਲੇ ਅਲਾ

ਮੱਜ਼ਹਰੇ ਨੂਰੇ ਖ਼ੁਦਾ
ਸੱਲੇ ਅਲਾ ਸੱਲੇ ਅਲਾ
ਇੱਬਤਦਾ ਵ ਇੰਤਹਾ
ਸੱਲੇ ਅਲਾ ਸੱਲੇ ਅਲਾ
ਮੁਰਤਜ਼ਾ ਵ ਮੁਸਤਫ਼ਾ
ਸੱਲੇ ਅਲਾ ਸੱਲੇ ਅਲਾ
ਆਪ ਕਹਿੰਦਾ ਏ ਖ਼ੁਦਾ
ਸੱਲੇ ਅਲਾ ਸੱਲੇ ਅਲਾ
ਰਲ ਕੇ ਆਖੋ ਬਰਮਲਾ
ਸੱਲੇ ਅਲਾ ਸੱਲੇ ਅਲਾ

♥♥♥

ਨਾਅਤ

ਜੀ ਕਰਦਾ ਜੀ ਜਾਨ ਲੁਟਾਵਾਂ
ਸੋਹਣੇ ਨਬੀ ਦਾ ਜਸ਼ਨ ਮਨਾਵਾਂ
ਸੱਚੀ ਜ਼ਾਤ ਉਹਨਾਂ ਦੀ ਜੱਗ ਤੇ
ਸੁੱਚਲ ਦੇ ਮੈਂ ਸਦਕੇ ਜਾਵਾਂ
ਉਹੀ ਸੋਹਣਾ ਸਭ ਕੁੱਝ ਮੇਰਾ
ਆਸ਼ਕ ਬਣ ਕੇ ਹਾਲ ਸੁਣਾਵਾਂ
ਛਾਂ ਕਮਲੀ ਦੀ ਜੇ ਉਹ ਬਖ਼ਸ਼ਣ
ਧੁੱਪਾਂ ਤੋਂ ਨਾ ਮੈਂ ਘਬਰਾਵਾਂ
ਉਹਨਾਂ ਦੇ ਕਦਮਾਂ ਵਿਚ ਬਹਿ ਕੇ
ਨੂਰ ਦੀ ਮੈਂ ਰੁਸ਼ਾਈ ਪਾਵਾਂ
ਨੂਰ ਸਮਾਇਆ ਮੇਰੇ ਅੰਦਰ
ਕਿਉਂ ਮੈਂ ਆਪਣਾ ਆਪ ਜਲਾਵਾਂ
ਮੁਰਸ਼ਦ ਦਿੱਤਾ ਸਭ ਤੋਂ ਅੱਫ਼ਜ਼ਲ
ਸੋਹਣੇ ਰੱਬ ਤੋਂ ਵਾਰੀ ਜਾਵਾਂ

♥♥♥

ਨਾਅਤ

ਅੱਖਾਂ ਬੰਦ ਕਰ ਕੇ ਬਹਿ ਜਾਵਾਂ
ਅੰਦਰ ਤੇਰਾ ਹੀ ਪ੍ਰਛਾਵਾਂ
ਜੇ ਉਹ ਖ਼ਾਬਾਂ ਵਿਚ ਮਿਲ ਜਾਵਣ
ਹੋ ਹੋ ਦਿਲ ਦਾ ਹਾਲ ਸੁਣਾਵਾਂ
ਅੱਜ ਦੀ ਦੁੱਨੀਆ ਦੇ ਅੰਦਰ ਮੈਂ
ਅੱਖੀਂ ਵੇਖ ਕੇ ਮੌਹਰਾ ਖਾਵਾਂ
ਸੱਜਣਾਂ ਨੂੰ ਦੇਖਣ ਦੇ ਚਾਅ ਵਿਚ
ਉਹਦੇ ਸ਼ਹਿਰ ਦੇ ਚੱਕਰ ਲਾਵਾਂ
ਖੁੱਦ ਗ਼ਰਜ਼ਾਂ ਵਿਚ ਘਿਰ ਕੇ ਮੈਂ ਤੇ
ਝੋਲੀ ਖ਼ਾਲੀ ਕਰਦੀ ਜਾਵਾਂ
ਉਹਨਾਂ ਦੇ ਕੱਦਮਾਂ ਵਿਚ ਬਹਿ ਕੇ
ਆਪਣੀ ਹਰ ਗ਼ਲਤੀ ਮੱਨ ਜਾਵਾਂ
ਜੇ ਉਹ ਵਾਹਦਾ ਕਰਨ ਮਿਲਣ ਦਾ
ਸੱਸੀ ਵਾਂਗ ਮੈਂ ਤਰਦੀ ਜਾਵਾਂ
ਸਭ ਕੁਝ ਛੱਡ ਕੇ ਸਬ ਕੁਝ ਭੁਲ ਜਾਵਾਂ
ਇਸ਼ਕ ਨੂੰ ਆਪਣੇ ਆਪ ਮਨਾਵਾਂ

♥♥♥

ਗ਼ਜ਼ਲਾਂ

ਕਰ ਮੇਰੇ ਨਾਲ ਉਹ ਚਾਲ ਗਿਆ
ਇਕ ਇਸ਼ਕ ਦਾ ਦੀਵਾ ਬਾਲ ਗਿਆ

ਜੋ ਮਨਜ਼ਲ ਤੋੜ ਨਾ ਜਾਂਦਾ ਸੀ
ਉਹ ਰਸਤਾ ਮੇਰੇ ਨਾਲ ਗਿਆ

ਉਹ ਸੱਜਣ ਸੀ ਉਹ ਮਿੱਤਰ ਸੀ
ਉਹ ਕਾਹਨੂੰ ਬਣ ਵਬਾਲ ਗਿਆ

ਜੋ ਪੂਰਾ ਕਦੇ ਨਾ ਹੋ ਸੱਕਿਆ
ਉੱਸ ਖ਼ਾਬ ਦੇ ਵਲ ਖ਼ਿਆਲ ਗਿਆ

ਤਲਵਾਰ ਦੇ ਵਾਂਗ ਉਹ ਤਿੱਖਾ ਸੀ
ਬਣ ਕਿੰਜ ਉਹ ਮੇਰੀ ਢਾਲ ਗਿਆ

ਮੈਂ ਇਸ਼ਕ ਦਾ ਦੀਵਾ ਚੁਕ ਬੈਠੀ
ਉਹ ਲੂੰ ਲੂੰ ਮੇਰਾ ਬਾਲ ਗਿਆ

♥♥♥

ਗੁੱਦੜੀ ਵਿਚ ਲਾਲ ਤੇ ਛੁੱਪਦੇ ਨਹੀਂ
ਟੁੱਟ ਜਾਂਦੇ ਨੇਂ ਪਰ ਮੁੱਕਦੇ ਨਹੀਂ

ਮਨਜ਼ਲ ਦੀ ਲੋੜ ਨਾ ਉਹਨਾਂ ਨੂੰ
ਜਿਹੜੇ ਪੈਂਡੇ ਕੋਲੋਂ ਥੱਕਦੇ ਨਹੀਂ

ਲੰਮੀ ਏ ਉਡਾਰੀ ਜਿਹਨਾਂ ਦੀ
ਉਹ ਪਿੱਛੇ ਮੁੜ ਕੇ ਤੱਕਦੇ ਨਹੀਂ

ਇਹ ਸੱਚ ਏ ਉਚੇਚੇ ਲੋਕਾਂ ਦੇ
ਮੱਥੇ ਤੇ ਵੱਟ ਤੇ ਸੱਜਦੇ ਨਹੀਂ

ਖ਼ੰਜਰ ਵੀ ਹੋਵੇ ਗਰਦਨ ਤੇ
ਅੱਖਰ ਵਿਚ ਮੂੰਹ 'ਚੋਂ ਕੱਢਦੇ ਨਹੀਂ

ਸੱਭ ਕੁਝ ਹੱਸ ਕੇ ਕਹਿ ਜਾਂਦੇ ਆਂ
ਕਦੀ ਦਿਲ ਵਿਚ ਗਲਾਂ ਰੱਖਦੇ ਨਹੀਂ

♥♥♥

ਅਲ੍ਹਣਾ ਮੇਰੇ ਦਿਲ ਵਿਚ ਪਾ ਕੇ ਰਹਿੰਦੀਆਂ ਤੇਰੀਆਂ ਯਾਦਾਂ ਨੇਂ
ਚਾਰ ਚੁਫੇਰੇ ਘੁੱਪ ਹੱਨੇਰੇ ਦੁੱਖਾਂ ਦੀਆਂ ਵਾਟਾਂ ਨੇਂ

ਵੱਨ ਸੁਵੱਨੇ ਲੋਕ ਨੇਂ ਏਥੇ ਵੱਨ ਸੁਵੱਨੀਆਂ ਬੋਲੀਆਂ ਨੇਂ
ਕੋਈ ਨਾ ਤੇਰੇ ਵਰਗਾ ਦਿਸਦਾ ਵੱਨ ਸੁਵੱਨਿਆਂ ਜ਼ਾਤਾਂ ਨੇਂ

ਸੂਰਜ ਕਿੱਥੇ ਡੇਰਾ ਲਾਇਆ ਚਾਨਣ ਕਿੱਥੇ ਹੋਇਆ ਏ
ਸਮਝ ਨਾ ਆਏ ਦਿਨ ਚੱੜ੍ਹਿਆ ਜਾਂ ਲੱਮੀਆਂ ਕਾਲੀਆਂ ਰਾਤਾਂ ਨੇਂ

ਰਾਂਝਣ ਤੈਨੂੰ ਲੱਭਦੇ ਲੱਭਦੇ ਆਪਣੇ ਆਪ ਨੂੰ ਭੁਲ ਗਈ ਆਂ
ਆਪਣੇ ਨਾਲ ਵੀ ਹੁਣ ਤੇ ਮੇਰੀ ਘਟ ਵਧ ਈ ਮੁਲਾਕਾਤਾਂ ਨੇਂ

ਦਰਦ ਵਿਛੋੜਾ ਅੰਦਰ ਮੇਰੇ ਭਾਂਭੜ ਬਾਲ ਕੇ ਰਖਦਾ ਏ
ਤੇਰੀਆਂ ਯਾਦਾਂ ਸੋਹਣਿਆਂ ਸਜਣਾ ਕਮਲੀ ਲਈ ਸੁਗ਼ਾਤਾਂ ਨੇਂ

♥♥♥

ਮੈਨੂੰ ਕਾਹਨੂੰ ਡੰਗਿਆ ਏ
ਮੈਂ ਤਾਂ ਕੁਝ ਨਹੀਂ ਮੰਗਿਆ ਏ

ਕਿਸੇ ਵੀ ਗਲ ਤੇ ਨਾ ਨਹੀਂ ਕੀਤੀ
ਖ਼ਬਰੇ ਉਹ ਕਿਉਂ ਰੁਸਿਆ ਏ

ਮਿਲਣ ਦਾ ਵੇਲਾ ਵੀ ਆਏ ਗਾ
ਦਿਲ ਕਮਲੇ ਨੇ ਦੱਸਿਆ ਏ

ਸਾਹਮਣੇ ਵੇਖ ਕੇ ਜਿੰਦੜੀ ਨੂੰ
ਖਿੜ ਖਿੜ ਮੌਸਮ ਹੱਸਿਆ ਏ

ਇੰਜ ਤੇ ਆਖ਼ਰ ਹੋਣਾ ਸੀ
ਆਪਣਾ ਆਪ ਡਬੋਣਾ ਸੀ

ਰੋਂਦੇ ਰੋਂਦੇ ਆਖ਼ਰ ਇਕ ਦਿਨ
ਦਿਲ ਦਾ ਮੈਲ ਵੀ ਧੋਣਾ ਸੀ

ਇਸ਼ਕ ਦੀ ਔਖੀ ਰਾਹਾਂ ਮੱਲ ਕੇ
ਕਮਲਿਆਂ ਵੀ ਤੇ ਹੋਣਾ ਸੀ

ਇਕ ਦਿਨ ਸਾਰੇ ਇਹ ਕਹਿੰਦੇ ਨੇਂ
ਦੁੱਨੀਆ ਮੇਲਾ ਸੋਹਣਾ ਸੀ

ਸ਼ੈ ਕਿਹੜੀ ਏਥੇ ਨਾ ਲੱਭੇ
ਏਥੇ ਕੀ ਅਣਹੋਣਾ ਸੀ

ਜਾਣ ਕੇ ਬਾਜ਼ੀ ਹਾਰ ਗਏ ਆਂ
ਜਿੱਤ ਕੇ ਵੀ ਤੇ ਰੋਣਾ ਸੀ

♥♥♥

ਜਿਹੜੇ ਲੋਕੀ ਪ੍ਰਦੇਸਾਂ ਨੂੰ ਆਪਣਾ ਦੇਸ ਬਣਾ ਲੈਂਦੇ ਨੇਂ
ਪੈਸੇ ਪਿਛੇ ਨੱਸਦੇ ਨੱਸਦੇ ਡਾਢੇ ਧੋਖੇ ਖਾ ਲੈਂਦੇ ਨੇਂ

ਗ਼ਰਜ਼ਾਂ ਦੀ ਮਾਰੀ ਦੁੱਨੀਆ ਵਿਚ ਕੋਈ ਵੀ ਸੱਜਣ ਬੇਲੀ ਨਹੀਂ
ਸੱਜਣ ਬੇਲੀ ਉਹੀ ਜਿਹੜੇ ਰੁੱਸੇ ਯਾਰ ਮਨਾ ਲੈਂਦੇ ਨੇਂ

ਪਿਆਰ ਕਰੋ ਤੇ ਮਿੱਠੜਾ ਬੋਲੋ, ਰਲ ਮਿਲ ਜੀਣਾ ਸਿਖੋ ਸੱਭ
ਨਫ਼ਰਤ ਦੀ ਦਿਵਾਰਾਂ ਨੂੰ ਸੁੱਚਲ ਜੱਜ਼ਬੇ ਢਾ ਲੈਂਦੇ ਨੇਂ

ਜਿਹਨਾਂ ਨੇ ਅੱਮਲਾਂ ਦੇ ਸਿਰ ਤੇ ਅੱਜ ਵੀ ਦੁੱਨੀਆ ਵੱਸਦੀ ਏ
ਪਿਆਰ ਦੇ ਦੀਪ ਜਲਾ ਕੇ ਉਹ ਧਰਤੀ ਅੱਸਮਾਨ ਬਣਾ ਲੈਂਦੇ ਨੇਂ

ਕਲ ਦੀ ਗਲ ਨਾ ਕਰਨਾ ਸਜਣੋ ਕਲ ਕਿਸੇ ਵੀ ਤੱਕਿਆ ਨਹੀਂ
ਆਪਣਾ ਅੱਜ ਸਵਾਰਨ ਵਾਲੇ ਜਗ ਤੇ ਮਾਣ ਵਧਾ ਲੈਂਦੇ ਨੇਂ

♥♥♥

ਮੈਂ ਕਾਹਨੂੰ ਸੋਚ ਵਿਚਾਰ ਕਰਾਂ
ਮੈਂ ਕਾਹਨੂੰ ਕਿਸੇ ਨਾਲ ਪਿਆਰ ਕਰਾਂ

ਓਹ ਟੁਰ ਗਿਆ ਹਣ ਮੈਂ ਕਿਸ ਦੇ ਲਈ
ਖੋਲ੍ਹ ਬੂਹੇ ਨੂੰ ਇੰਤਜ਼ਾਰ ਕਰਾਂ

ਇਹ ਇਸ਼ਕ ਤਮਾਸ਼ਾ ਸੌਖਾ ਨਹੀਂ
ਬਣ ਬੇੜੀ ਦਰਿਆ ਪਾਰ ਕਰਾਂ

ਇਕ ਜਿੰਦੜੀ ਹਿਜਰ 'ਚ ਕੱਟੀ ਏ
ਦੱਸ ਇਹਨੂੰ ਕਿੰਜ ਸ਼ੁਮਾਰ ਕਰਾਂ

ਜੋ ਦਿਲ ਮੇਰੇ ਤੇ ਗੁਜ਼ਰੀ ਏ
ਕਿੱਜ ਅੱਖਰਾਂ ਵਿਚ ਇਜ਼ਹਾਰ ਕਰਾਂ

♥♥♥

ਧੋਖਾ ਹਰ ਪਲ ਖਾਣਾ ਪੈਂਦਾ
ਫੇਰ ਵੀ ਸਾਥ ਨਿਭਾਣਾ ਪੈਂਦਾ

ਆਪਣਾ ਆਪ ਮਨਾਵਣ ਲਈ ਰੁਖ
ਸੂਰਜ ਵਾਂਗ ਬਨਾਣਾ ਪੈਂਦਾ

ਕਮਲੀ ਹੋ ਕੇ ਕਿਸੇ ਦੇ ਪਿੱਛੇ
ਜਿੱਤ ਕੇ ਵੀ ਹਰ ਜਾਣਾ ਪੈਂਦਾ

ਇਸ਼ਕ ਦਾ ਦਾਰੂ ਪੀ ਆਸ਼ਕ ਨੂੰ
ਸੂਲੀ ਤੇ ਚੜ੍ਹ ਜਾਣਾ ਪੈਂਦਾ

ਆਪ ਰੁਸਣ ਨਾਲ ਕੁਝ ਨਹੀਂ ਹੁੰਦਾ
ਰੁੱਸਿਆ ਯਾਰ ਮਨਾਣਾ ਪੈਂਦਾ

ਅੱਖੀਆਂ ਰੌਸ਼ਨ ਕਖਣ ਲਈ
ਦਿਲ ਦਾ ਦੀਪ ਜਲਾਣਾ ਪੈਂਦਾ

♥♥♥

ਸਜੱਰੀ ਸੋਹਣੀ ਹੱਸਤੀ ਤੇਰੀ
ਫੁੱਲਾਂ ਵਾਂਗ ਮਹਿਕਦੀ ਸੀ

ਜੀ ਨਹੀਂ ਕਰਦਾ ਏ ਮੱਨਣ ਨੂੰ
ਹੁਣ ਨਾ ਤੈਨੂੰ ਵੇਖ ਸਕਾਂ ਗੇ

ਕਪਾਹ ਦਾ ਚਾਨਣ ਛਡ ਕੇ ਹੁਣ ਤੂੰ
ਸੂਰਜ ਤੇ ਦਸਤਕ ਦਿੱਤੀ ਏ

ਵਾਹਦਾ ਕਿਉਂ ਕੀਤਾ ਸੀ ਅੜੀਏ
ਫ਼ਖ਼ਰ ਦਾ ਮਾਣ ਵਧਾਵਾਂ ਗੀ

ਪਿਆਰ ਦਾ ਦੀਵਾ ਬਾਲ ਕੇ ਸੋਹਣੀ
ਕੱਲਿਆਂ ਉਹਨੂੰ ਛੱਡ ਬੈਠੀ ਏ

ਆਪ ਹਨੇਰੇ ਮੱਲ ਬੈਠੀ ਏਂ
ਆਪ ਹਨੇਰੇ ਮੱਲ ਬੈਠੀ ਏਂ

♥♥♥

(ਸ਼ਾਇਸਤਾ ਹਬੀਬ ਲਈ)

ਅਸਾਂ ਕਦੋਂ ਆਖਿਆ ਸੀ ਦੁਨੀਆ ਈ ਛੋੜ ਦੇ
ਏਨੀ ਗਲ ਕੀਤੀ ਮੇਰਾ ਪਿਆਰ ਮੈਨੂੰ ਮੋੜ ਦੇ

ਲੰਮੀਆਂ ਜੁਦਾਈਆਂ ਪਾ ਕੇ ਮੇਰੇ ਵਿਹੜੇ ਆਇਆ ਸੈਂ
ਇੰਜ ਨਹੀਂ ਸੀ ਸੋਚਿਆ ਕਿ ਇੰਜ ਤੈਨੂੰ ਟੋਰ ਦੇ

ਹੋਰ ਮੇਰੇ ਸੋਹਣਿਆ ਮੈਂ ਕੁਝ ਨਹੀਂ ਮੰਗਦੀ
ਮੈਨੂੰ ਮੇਰਾ ਸਾਥੀ ਰੱਬਾ ਸੋਹਣਿਆ ਤੂੰ ਮੋੜ ਦੇ

ਮੰਗੀਆਂ ਸੀ ਖੈਰਾਂ ਅਸਾਂ ਇਹ ਤੇ ਨਹੀਂ ਸੀ ਮੰਗਿਆ
ਮੇਰੀ ਸਾਰੀ ਜਿੰਦੜੀ ਤੂੰ ਹੰਝੂਆਂ 'ਚ ਰੋੜ੍ਹ ਦੇ

♥♥♥

ਤੁਹਾਡੇ ਨਾਲ ਸੋਹਣਿਓ ਮੈਂ ਕੋਸਤੀ ਵੀ ਲਾਣੀ ਏ
ਗਲ ਵੀ ਨਿਭਾਣੀ ਏ ਤੇ ਤੋੜ ਵੀ ਪਹੁੰਚਾਣੀ ਏ

ਵਾਜਾਂ ਦੇ ਦੇ ਹਾਰ ਗਈ ਮੁੜ ਕੇ ਨਾ ਤੱਕਿਆ
ਨੀਵੀਂ ਪਾ ਕੇ ਲੰਘਦੇ ਓ ਡਾਢੀ ਹੈਰਾਨੀ ਏ

ਪਿਆਰ ਨੂੰ ਮੈਂ ਲੱਭਦੇ ਇਹ ਉਮਰ ਗੰਵਾਈ ਏ
ਕਦੀ ਬਹਿ ਕੇ ਸੁਣ ਲੈਣਾ ਲੰਮੀ ਇਹ ਕਹਾਣੀ ਏ

ਸਮਾਂ ਬਰਸਾਤ ਦਾ ਏ ਦਿਲ ਸਾਡਾ ਡੋਲਦਾ
ਸੋਹਣੀ ਮੁਟਿਆਰਾਂ ਹੁਣ ਪੀਂਘ ਕਦੋਂ ਪਾਣੀ ਏ

ਰਾਂਝੇ ਨਾਲ ਪਿਆਰ ਪਾ ਕੇ ਇੰਜ ਤੇ ਫ਼ੇਰ ਹੋਣਾ ਸੀ
ਕੂੰਜ ਵਾਂਗੋਂ ਹੀਰੀਏ ਤੂੰ ਕਾਹਨੂੰ ਕੁਰਲਾਣੀ ਏ

ਮਜ਼ਾ ਅਸਾਂ ਲੈਣਾ ਹੁਣ ਚਾਨਣੀਆਂ ਰਾਤਾਂ ਦਾ
ਕੋਠੇ ਉੱਤੇ ਸੌਣਾ ਏ ਤੇ ਮੰਜੀ ਵੀ ਉਨਾਣੀ ਏ

ਲੌਂਗ ਵਾਲੀ ਕੁੜੀ ਮੇਰਾ ਦਿਲ ਪ੍ਰਚਾਂਦੀ ਏ
ਪਿਛੇ ਪਿਛੇ ਜਾਣਾ ਏ ਤੇ ਗਲ ਵੀ ਸੁਣਾਣੀ ਏ

ਸ਼ਹਿਰ ਵਿਚ ਅਸਾਂ ਕਲ ਮੇਲੇ ਉਤੇ ਜਾਣਾ ਏ
ਕੱਪੜੇ ਧੁਲਾਣੇ ਨੇਂ ਤੇ ਜੁੱਤੀ ਵੀ ਗੰਢਾਣੀ ਏ

ਦਿਲ ਮੇਰਾ ਕਰਦਾ ਕਿ ਵਾਜ ਇਹਨੂੰ ਮਾਰਾਂ ਮੈਂ
ਡਰ ਮੈਨੂੰ ਲਗੇ ਉਹਦੇ ਹੱਥ ਮਧਾਣੀ ਏ

♥♥♥

ਹੰਝੂਆਂ ਦੀ ਬਰਸਾਤ ਏ ਸਾਈਂ
ਚੰਗੀ ਇਹ ਸੁਗ਼ਾਤ ਏ ਸਾਈਂ

ਚਾਰ ਚੁਫੇਰੇ ਘੁੱਪ ਹਨੇਰਾ
ਡੰਗਦੀ ਜਾਂਦੀ ਰਾਤ ਏ ਸਾਈਂ

ਕਦੀ ਨਾ ਮੇਰੇ ਵਲ ਤੱਕਿਆ ਏ
ਪੁੱਛੀ ਨਾ ਗਲ ਬਾਤ ਏ ਸਾਈਂ

ਸਿਜਦਾ ਤੈਨੂੰ ਈ ਫੱਬਦਾ ਏ
ਉੱਚੀ ਤੇਰੀ ਜ਼ਾਤ ਏ ਸਾਈਂ

ਕੌਣ ਸੀ ਖੌਰੇ ਜਿਤਣ ਵਾਲੇ
ਵੇਖੀ ਅਸਾਂ ਤੇ ਮਾਤ ਏ ਸਾਈਂ

♥♥♥

ਕੀ ਕਰਨਾ ਜਾਗੀਰਾਂ ਨੂੰ
ਪਿੱਟਣ ਲਈ ਲਕੀਰਾਂ ਨੂੰ

ਇਸ਼ਕ ਦਾ ਕਾਸਾ ਫੜ ਕੇ ਹੁਣ
ਲੱਭਦੇ ਫਿਰੇ ਫ਼ਕੀਰਾਂ ਨੂੰ

ਬਾਝ ਦੁਆਵਾਂ ਕੀ ਦੇਵਾਂ
ਏਨੇ ਸੋਹਣੇ ਵੀਰਾਂ ਨੂੰ

ਗਲ ਆਸ਼ਕ ਦੀ ਸਮਝ ਨਾ ਆਈ
ਦੁਨੀਆ ਦੇ ਅਸੀਰਾਂ ਨੂੰ

ਸਭ ਕੁਝ ਤੁਹਾਡੀ ਅੱਖਾਂ ਅੱਗੇ
ਕੀ ਕਰਨਾ ਤਸਵੀਰਾਂ ਨੂੰ

♥♥♥

ਗਲ ਮੈਨੂੰ ਇਕ ਦੱਸ ਨੀ ਕੁੜੀਏ
ਕੀ ਕਰੀਏ ਤੇ ਕੀ ਨਾ ਕਰੀਏ

ਮੈਂ ਤਾਂ ਅਜ ਤਕ ਸਿੱਖਿਆ ਇਹੀ
ਕੀਤੀ ਅਣ ਕੀਤੀ ਤੋਂ ਡਰੀਏ

ਕੁਝ ਨਾ ਕੁਝ ਤੇ ਕਰਨਾ ਪੈਸੀ
ਜਿੰਦੜੀ ਆਪਣੀ ਆਪ ਨਾ ਹਰੀਏ

ਇਕ ਨਾ ਇਕ ਦਿਨ ਮਰ ਜਾਵਾਂ ਗੇ
ਇਸ਼ਕ ਦਾ ਪਿਆਲਾ ਪੀ ਕੇ ਮਰੀਏ

ਭੇਦ ਨਾ ਖੁਲ੍ਹਦਾ ਲੱਗੀ ਅੱਗ ਦਾ
ਹੰਝੂ ਪੀ ਕੇ ਦਿਲ ਵਿਚ ਸੜੀਏ

♥♥♥

ਨਿਘੇ ਦਰਦ ਜਗਾ ਜਾਂਦਾ ਏਂ
ਮੈਨੂੰ ਰੋਜ਼ ਰੁਲਾ ਜਾਂਦਾ ਏਂ

ਇਹ ਕੰਮ ਤੇ ਫ਼ੇਰ ਚੰਗਾ ਨਹੀਂ
ਡਿੱਗਦੇ ਨੂੰ ਡਿਗਾ ਜਾਂਦਾ ਏਂ

ਤੇਰੀਆਂ ਚਾਲਾਂ ਦੇ ਕੀ ਕਹਿਣੇ
ਜਿੱਤਿਆਂ ਨੂੰ ਹਰਵਾ ਜਾਂਦਾ ਏਂ

ਦਰਦ ਵਿਛੋੜਾ ਦੇ ਕੇ ਸਾਨੂੰ
ਗੁੱਝੀਆਂ ਪੀੜਾਂ ਲਾ ਜਾਂਦਾ ਏਂ

♥♥♥

ਸੁਖਣਾ ਇਕ ਮੈਂ ਸੁੱਖਿਆ ਏ
ਦਵਿਾ ਬਾਲ ਕੇ ਰੱਖਿਆ ਏ

ਇਸ਼ਕ ਦਾ ਬੂਹਾ ਖੋਲ੍ਹ ਕੇ ਮੈਂ
ਤੇਰੇ ਵਲ ਈ ਤੱਕਿਆ ਏ

ਜਿੰਦੜੀ ਮੁਕ ਜਾਂਦੀ ਏ ਲੇਕਨ
ਕੰਮ ਕਦੀ ਕੋਈ ਰੁਕਿਆ ਏ

ਆਪਣੀ ਹਰ ਇਕ ਸੱਧਰ ਨੂੰ ਮੈਂ
ਆਪਣੇ ਅੰਦਰ ਡੱਕਿਆ ਏ

ਮਾਣ ਈਮਾਨ ਯਕੀਨ ਦਾ ਬੰਦਾ
ਟੁੱਟ ਕੇ ਵੀ ਨਾ ਮੁੱਕਿਆ ਏ

♥♥♥

ਦਿਲ ਦਾ ਬੂਹਾ ਖੋਲ੍ਹ ਤੂੰ ਸਾਈਂ
ਮੇਰੇ ਅੰਦਰ ਬੋਲ ਤੂੰ ਸਾਈਂ

ਮੈਂ ਵੀ ਤੇਰੀ ਕੁਝ ਲਗਦੀ ਆਂ
ਦੁਖ ਜਿੰਦੜੀ ਵਿਚ ਘੋਲ ਤੂੰ ਸਾਈਂ

ਇਸ਼ਕ ਦਾ ਚੋਲਾ ਪਾ ਬੈਠੀ ਆਂ
ਕੱਖਾਂ ਵਿਚ ਨਾ ਰੋਲ ਤੂੰ ਸਾਈਂ

ਦਿਲ ਦੀਆਂ ਤੈਨੂੰ ਦੱਸ ਦਿਤੀਆਂ ਨੇਂ
ਮੈਨੂੰ ਹੋਰ ਨਾ ਫੋਲ ਤੂੰ ਸਾਈਂ

ਮੈਂ ਲੈਲਾ ਮੈਂ ਹੀਰ ਮੈਂ ਸੱਸੀ
ਬਣ ਜਾ ਮੇਰਾ ਢੋਲ ਤੂੰ ਸਾਈਂ

♥♥♥

ਸ਼ੀਸ਼ੇ ਵਰਗੇ ਸਾਰੇ ਘਰ
ਹੱਥਾਂ ਵਿਚ ਨਾ ਫੜ ਪੱਥਰ

ਕੀਕਣ ਗਲ ਬਣੇ ਗੀ ਹੁਣ
ਚੁੱਪ ਕੀਤੇ ਨੇਂ ਸੱਭ ਅੱਖਰ

ਚੰਗਾ ਮੰਦਾ ਕੁਝ ਵੀ ਨਹੀਂ
ਕਿਸਮਤ ਦੇ ਨੇਂ ਸੱਭ ਚੱਕਰ

ਕੋਈ ਕਿਸੇ ਦੀ ਸੁਣਦਾ ਨਹੀਂ
ਦੁੱਨੀਆ ਹੋ ਗਈ ਏ ਖੁੱਦ ਸਰ

♥♥♥

ਮੈਂ ਦੁਖ ਵੰਡਾਵਣ ਨਿਕਲੀ ਆਂ ਮੈਂ ਆਪਣਾ ਕੌਲ ਨਿਭਣਆ ਏ
ਨਫ਼ਰਤ ਦੇ ਇਸ ਮਾਹੌਲ ਦੇ ਵਿਚ ਮੈਂ ਪਿਆਰ ਦਾ ਬੂਟਾ ਲਾਇਆ ਏ

ਮੈਂ ਕੁਮਿੱਟਮੈਂਟ ਦੀ ਬੰਦੀ ਆਂ, ਭਾਵੇਂ ਚੰਗੀ ਆਂ ਭਾਵੇਂ ਮੰਦੀ ਆਂ
ਮੈਂ ਮ੍ਹਿਣਾ ਵਕਤ ਨੂੰ ਨਹੀਂ ਦਿੱਤਾ ਮੈਂ ਆਪਣਾ ਕੰਮ ਮੁਕਇਆ ਏ

ਇਹ ਕਿੱਨੀ ਸੋਹਣੀ ਸੱਧਰ ਏ, ਹਰ ਕੋਈ ਮੇਰਾ ਮਿੱਤਰ ਏ
ਮਿਲ ਜੁਲ ਕੇ ਦੁਖ ਸੁਖ ਸਹਿਣਾ ਹੀ ਜਿੰਦੜੀ ਦਾ ਹੁਣ ਸਰਮਾਇਆ ਏ

ਦੁੱਨੀਆ ਤੇ ਡਾਢੀ ਕੋਝੀ ਏ, ਕੋਈ ਜਲਦਾ ਏ ਕੋਈ ਸੜਦਾ ਏ
ਪਰ ਆਪਣੀ ਰੀਤ ਨਰਾਲੀ ਏ, ਜੀ ਕਰ ਕੇ ਸਭ ਨੂੰ ਬੁਲਾਇਆ ਏ

ਉਹ ਕਮਲੀ ਝੱਲੀ ਲਗਦੀ ਏ ਹਰ ਇਕ ਨੂੰ ਝੁਕ ਕੇ ਮਿਲਦੀ ਏ
'ਸ਼ਹਿਨਾਜ਼' ਨੇ ਮਿੱਠੜੀ ਗੱਲਾਂ ਤੋਂ ਜੀ ਸਭ ਦਾ ਈ ਪ੍ਰਚਾਇਆ ਏ

♥♥♥

ਮਿੱਟੀ ਦੇ ਘਰ ਬਰਸਾਤਾਂ ਵਿਚ ਢਹਿ ਜਾਂਦੇ ਨੇਂ
ਪੱਕੇ ਪੱਥਰ ਦਰਦ ਹੁਲਾਰੇ ਸਹਿ ਜਾਂਦੇ ਨੇਂ

ਹੌਲੀ ਹੌਲੀ ਆਪਣਾ ਪੈਂਡਾ ਪੂਰਾ ਕਰ
ਨੱਸਣ ਭੱਜਣ ਵਾਲੇ ਥੱਕ ਕੇ ਬਹਿ ਜਾਂਦੇ ਨੇਂ

ਟੁਰ ਜਾਂਦੇ ਨੇਂ ਜਾਵਣ ਵਾਲੇ ਪੁਛਦੇ ਨਹੀਂ
ਗੁੱਝੀਆਂ ਪੀੜਾਂ ਦਰਦ ਖਿਲਾਰੇ ਰਹਿ ਜਾਂਦੇ ਨੇਂ

ਕੱਮਲੇ ਲੋਕ ਸਿਆਣੇ ਕਿਨੇ ਹੁੰਦੇ ਨੇਂ
ਕਮਲੇ ਬਣ ਕੇ ਡੂੰਘੀਆਂ ਗੱਲਾਂ ਕਹਿ ਜਾਂਦੇ ਨੇਂ

ਹਿਜਰ ਸਮੇਂ ਵਿਚ ਇੰਜ ਵੀ ਹੁੰਦਾ ਏ 'ਸ਼ਹਿਨਾਜ਼'
ਮੋਤੀ ਡੁਲ੍ਹ ਜਾਂਦੇ ਨੇਂ, ਤਾਰੇ ਰਹਿ ਜਾਂਦੇ ਨੇਂ

♥♥♥

ਪੀਆ ਮਿਲਣ ਦੀ ਆਸ ਲਗਾਈ
ਕਮਲੀ ਜਾਨ ਮਿਰੀ ਕੁਮਲਾਈ

ਨਾ ਮੱਲ ਕੰਡਿਆਂ ਵਾਲੀਆਂ ਰਾਹਵਾਂ
ਰਲ ਮਿਲ ਸਭ ਨੇ ਗਲ ਸਮਝਾਈ

ਤੇਰੇ ਪਿਛੇ ਲਗ ਕੇ ਸਜਣਾ
ਸਿੱਧੀ ਗਲ ਵੀ ਸਮਝ ਨਾ ਆਈ

ਭਾਂਭੜ ਅੰਦਰ ਬਾਲ ਕੇ ਸੱਜਣਾ
ਲਭ ਲਈ ਨੂਰ ਦੀ ਮੈਂ ਰੁਸ਼ਨਾਈ

ਜੇ ਤੂੰ ਮੈਨੂੰ ਨਜ਼ਰ ਨਾ ਆਵੇਂ
ਜਗ ਵਿਚ ਦੇਂਦੀ ਫਿਰਾਂ ਦੁਹਾਈ

ਬੜਾ ਈ ਸੋਹਣਾ ਮੇਰਾ ਰਾਂਝਣ
ਮੈਂ ਰਾਂਝਣ ਬਣ ਪਛਤਾਈ

ਸੋਹਣੇ ਨਬੀ ਦੇ ਸੋਹਣੇ ਦਰ ਦੀ
ਰੱਬ ਸੋਹਣੇ ਨੇ ਰਾਹ ਦਿਖਾਈ

ਮਿਲ ਜਾਏ ਗਾ ਤੈਨੂੰ ਸੋਹਣਾ
ਹਰ ਪਾਸੋਂ ਆਵਾਜ਼ ਇਹ ਆਈ

♥♥♥

ਜ਼ਖ਼ਮਾਂ ਨਾਲ ਦਿਲ ਚੂਰ ਤੇ ਨਹੀਂ
ਏਡੀ ਵੀ ਮਜਬੂਰ ਤੇ ਨਹੀਂ

ਔਖੇ ਪੈਂਡੇ ਕੱਟ ਲਏ ਸਨ
ਮਨਜ਼ਲ ਹੁਣ ਕੁਝ ਦੂਰ ਤੇ ਨਹੀਂ

ਹਿਜਰ ਦੀ ਅੱਗ ਦਾ ਭਾਂਭੜ ਏ
ਅੰਦਰ ਮੇਰੇ ਤੰਦੂਰ ਤੇ ਨਹੀਂ

ਵਾਜ ਉਹ ਵੱਖਰੀ ਲਾਂਦਾ ਏ
ਕਿੱਧਰੋ ਉਹ ਮਨਸੂਰ ਤੇ ਨਹੀਂ

ਤੈਨੂੰ ਇਕ ਦਿਨ ਲੱਭ ਲਾਂ ਗੀ ਮੈਂ
ਘੱਟ ਇਸ ਦਿਲ ਵਿਚ ਨੂਰ ਤੇ ਨਹੀਂ

♥♥♥

ਜ਼ੁਲਮ ਦੀ ਹਰ ਤਸਵੀਰ ਮਿਟਾਈ ਜਾ ਸਕਦੀ ਸੀ
ਨਫ਼ਰਤ ਦੀ ਦਿਵਾਰ ਤਾਂ ਢਾਈ ਜਾ ਸਕਦੀ ਸੀ

ਸ਼ੇਰਾਂ ਵਾਂਗ ਮੈਂ ਹਿੱਕ ਵਿਚ ਨੈਜ਼ਾ ਖਾਧਾ ਸੀ
ਬੁਜ਼ਦਿਲ ਬਣ ਕੇ ਜਾਨ ਬਚਾਈ ਜਾ ਸਕਦੀ ਸੀ

ਬੱਝੇ ਬੰਨ੍ਹ ਅੱਖਾਂ ਦੇ ਜੇ ਕਰ ਟੁੱਟ ਜਾਂਦੇ
ਬਿਨ ਮੌਸਮ ਬਰਸਾਤ ਮਨਾਈ ਜਾ ਸਕਦੀ ਸੀ

ਰਹਿਮਤਾਂ ਵਾਲੀ ਵਾਜ ਜੇ ਪੈ ਜਾਂਦੀ 'ਸ਼ਹਿਨਾਜ਼'
ਫ਼ੇਰ ਮਿਲਣ ਦੀ ਆਸ ਲਗਾਈ ਜਾ ਸਕਦੀ ਸੀ

♥♥♥

ਰਾਤ ਹਨੇਰੀ ਬੁੱਕਲ ਮਾਰੇ
ਜਲਦੇ ਬੁੱਝਦੇ ਤਾਰੇ ਲੱਭਾਂ

ਸਾਰਾ ਜੱਗ ਸੱਜਣ ਮੇਰਾ ਏ
ਕਿਸ ਦੇ ਲਈ ਖ਼ਸਾਰੇ ਲੱਭਾਂ

ਸ਼ਾਇਦ ਕੰਮ ਕਿਸੇ ਦੇ ਆਵਾਂ
ਦੁਖ ਦਰਦਾਂ ਦੇ ਮਾਰੇ ਲੱਭਾਂ

ਰਾਂਝਣ ਮੇਰਾ ਮੈਂ ਰਾਂਝਣ ਦੀ
ਕਾਹਨੂੰ ਮਹਲ ਮਨਾਰੇ ਲਭਾਂ

ਸੋਹਣੀ ਬਣ ਕੇ ਤਰਦੀ ਜਾਵਾਂ
ਡੁੱਬਣ ਲਈ ਕਿਨਾਰੇ ਲੱਭਾਂ

ਦਰਦ ਵਿਛੋੜਾ ਸਹਿ ਨਾ ਪਾਵਾਂ
ਕਿਹਨੂੰ ਦਿਲ ਦਾ ਹਾਲ ਸੁਣਾਵਾਂ

ਤੇਰੇ ਬਿਨ ਮੈਂ ਜੀ ਨਹੀਂ ਸਕਦੀ
ਕਿੰਜ ਮੈਂ ਦੁੱਨੀਆ ਨੂੰ ਸਮਝਾਵਾਂ

ਚੱਕਰ ਵੇਲੇ ਦਾ ਖੋਹ ਲੈਂਦਾ
ਠੰਡੀਆਂ ਛਾਂਵਾਂ ਸੋਹਣੀਆਂ ਮਾਂਵਾਂ

ਆਪਣਾ ਹੋਸ਼ ਨਾ ਮੈਨੂੰ ਰਹਿੰਦਾ
ਕਿੰਜ ਦੁੱਨੀਆ ਦੇ ਨਾਲ ਨਿਭਾਵਾਂ

ਗ਼ਮ ਦੇ ਦਰਿਆ ਦੇ ਵਿਚ ਡੁੱਬ ਕੇ
ਔਖੀਆਂ ਹੋ ਗਈਆਂ ਨੇਂ ਸਾਹਵਾਂ

ਵੇਲੇ ਦੀ ਚਲਦੀ ਚੱਕੀ ਵਿਚ
ਮੋਠਾਂ ਵਾਂਗ ਮੈਂ ਪਿਸਦੀ ਜਾਵਾਂ

ਸੋਹਣਿਆ ਦੁਖ ਕਿਸੇ ਨਾ ਦੇਵੀਂ
ਰੱਬਾ ਸੱਭ ਦੀਆਂ ਦੂਰ ਬਲਾਵਾਂ

ਜਿਉਂ ਦਿਲ ਵਲ ਸੁਖ ਨਾ ਪਾਈ
ਜਿੱਤ ਕੇ ਵੀ ਹਰਦੀ ਜਾਵਾਂ

♥♥♥

ਬੂਟਾ ਪਿਆਰ ਦਾ ਮੇਰੇ ਅੰਦਰ ਰੱਬ ਨੇ ਐਸਾ ਲਾਇਆ
ਰੋੜ੍ਹ ਦਿੱਤਾ ਏ ਉਹਦੇ ਪਿਛੇ ਜਿੰਦੜੀ ਦਾ ਸਰਮਾਇਆ

ਸਾਰੀ ਉਮਰ ਅਸਾਂ ਤੇ ਆਪਣੀ ਜੱਦ ਦਾ ਸਾਥ ਨਿਭਾਇਆ
ਦੁਖ ਦੇਵਣ ਵਾਲੇ ਨੇ ਏਥੇ ਸੁਖ ਕਦੀ ਨਾ ਪਾਇਆ

ਸਭ ਦੀ ਸੁਣ ਕੇ ਸਭ ਦੀ ਮਨ ਕੇ ਗਲ ਆਪਣੀ ਮਨਵਾਈ
ਵੇਲੇ ਔਖ ਸੌਖੇ ਆਏ ਸਿਰ ਕਦੇ ਨਾ ਝੁਕਾਇਆ

ਆਪਣੀਆਂ ਭੈਣਾਂ ਤੇ ਵੀਰਾਂ ਦੀ ਹਰ ਦੱਮ ਖੈਰਾਂ ਮੰਗਾਂ
ਡਿਗਣ ਮੈਨੂੰ ਕਦ ਦੇਂਦਾ ਏ ਮੇਰੀ ਮਾਂ ਦਾ ਜਾਇਆ

ਐਸੇ ਲੋਕ ਵੀ ਤੱਕੇ ਜਿਹੜੇ ਆਪਣੀ ਆਪਣੀ ਕਹਿੰਦੇ
ਦੂਜੇ ਦੀ ਵਾਰੀ ਤੇ ਕਹਿੰਦੇ ਕੀ ਤੁਸਾਂ ਫ਼ਰਮਾਇਆ

ਫਲ ਫੁਲਾਂ ਦੇ ਨਾਲ ਬਥੇਰੇ ਕੰਡੇ ਰਾਹ ਵਿਚ ਆਏ
ਚੁੱਪ ਚਪੀਤੇ ਸਭ ਕੁੱਝ ਆਪਣੀ ਝੋਲੀ ਦੇ ਵਿਚ ਪਾਇਆ

ਧੁੱਪਾਂ ਦੇ ਵਿਚ ਨੰਗੇ ਸਿਰ ਤੇ ਨੰਗੇ ਪੈਰ ਚੱਲੀ ਆਂ
ਕਦੋਂ ਮੈਂ ਰੱਬ ਦੇ ਬਾਝ ਕਿਸੇ ਦਾ ਬੂਹਾ ਏ ਖੜਕਾਇਆ

♥♥♥

ਸੋਚ ਦੀ ਗੰਢ

ਫੇਰ ਖ਼ਾਲੀ ਏ ਕਸ਼ਕੋਲ ਮਿਰਾ
ਮੇਰੀ ਸੋਚ ਦਾ ਬੂਹਾ ਖੋਲ੍ਹ ਜ਼ੱਰਾ
ਫ਼ੇਰ ਖਾਲੀ ਏ ਕਸ਼ਕੋਲ ਮਿਰਾ
ਮਿਰੇ ਅੰਦਰ ਭਾਂਭੜ ਬਲਦੇ ਨੇਂ
ਅੱਖਾਂ ਵਿਚ ਸੁਫ਼ਣੇ ਪਲਦੇ ਨੇਂ
ਮੇਰੇ ਅੰਦਰ ਸੌਚ ਦੀ ਗੰਢੜੀ ਏ
ਪਰ ਸੋਚ ਨਮਾਣੀ ਚੰਦਰੀ ਏ
ਕਿੰਜ ਗੰਢੜੀ ਚੁਕ ਲਿਆਵਾਂ ਮੈਂ
ਕਿੰਜ ਖ਼ੈਰ ਫ਼ਿਕਰ ਦੀ ਪਾਵਾਂ ਮੈਂ

ਹੁਣ ਤੂੰ ਦੱਸ ਕਿੱਧਰ ਜਾਵਾਂ ਮੈਂ
ਕੀ ਸੁੱਫ਼ਣੇ ਸਾਰੇ ਤੋੜ ਦਿਆਂ
ਜਾਂ ਭਾਂਭੜ ਸਾਰੇ ਮੋੜ ਦਿਆਂ
ਜਾਂ ਦਿਲ ਕਮਲੇ ਦੀ ਮਨ ਜਾਵਾਂ
ਜਗ ਸਾਰਾ ਪਿੱਛੇ ਛੋੜ ਦਿਆਂ
ਅੱਖਾਂ ਵਿਚ ਅੱਥਰੂ ਆਏ ਨੇਂ
ਯਾਦਾਂ ਨੇ ਦਪਿ ਜਲਾਏ ਨੇਂ
ਮੈਂ ਕਮਲੀ ਹੋ ਕੇ ਫਿਰਦੀ ਆਂ
ਫ਼ੇਰ ਖ਼ਾਲੀ ਏ ਕਸ਼ਕੋਲ ਮਿਰਾ
ਤੂੰ ਭਰ ਦੇ ਹੁਣ ਕਸ਼ਕੋਲ ਮਿਰਾ
ਤੂੰ ਭਰ ਦੇ ਹੁਣ ਕਸ਼ਕੋਲ ਮਿਰਾ
ਤੂੰ ਅੰਦਰ ਮੇਰੇ ਬੋਲ ਜ਼ਰਾ
ਫ਼ੇਰ ਖ਼ਾਲੀ ਏ ਕਸ਼ਕੋਲ ਮਿਰਾ
ਤੂੰ ਭਰ ਦੇ ਹੁਣ ਕਸ਼ਕੋਲ ਕਿਰਾ
ਤੂੰ ਅੰਦਰ ਮੇਰੇ ਬੋਲ ਜ਼ਰਾ
ਤੂੰ ਅੰਦਰ ਮੇਰੇ ਬੋਲ ਜ਼ਰਾ

♥♥♥

ਗੁੱਝੀਆਂ ਪੀੜਾਂ

ਹਰ ਪਾਸੇ ਧੁੱਪਾਂ ਹੀ ਧੁੱਪਾਂ
ਛਾਂ ਤੇ ਬੱਦਲ ਲੱਭਦੇ ਲੱਭਦੇ ਉਮਰ ਗੁਜ਼ਾਰੀ
ਹੰਝੂਆਂ ਦੀ ਬਰਸਾਤਾਂ ਵਿਚ ਮੈਂ
ਲੰਮੀਆਂ ਰਾਤਾਂ ਜਾਗ ਕੇ ਕੱਟੀਆਂ
ਲੂੰ ਲੂੰ ਦੇ ਵਿਚ ਭਾਂਭੜ ਮੱਚੇ
ਬਲਦੇ ਬਲਦੇ ਅੱਕ ਗਈ ਸਾਂ
ਬਾਹਰ ਨਿਕਲੀ ਦੁੱਨੀਆ ਤੱਕੀ
ਸੋਹਣੇ ਲੋਕ ਸਨ ਸੋਹਣੀਆਂ ਅੱਖਾਂ
ਅੱਖਾਂ ਵਿਚ ਸੁੱਫ਼ਣੇ ਵੱਸਦੇ ਸਨ
ਕੋਈ ਵੀ ਸਫਣਾ ਪੂਰਾ ਨਹੀਂ ਸੀ
ਕਿਰਚਾਂ ਵਾਂਗ ਇਹ ਟੁੱਟੇ ਸੁਫਣੇ
ਗੁੱਝੀਆਂ ਪੀੜਾਂ ਵੰਡ ਰਹੇ ਸਨ
ਹੱਸਦੇ ਲੋਕ ਵੀ ਵੱਸਦੇ ਤੱਕੇ
ਪਰ ਏਨਾ ਮੈਂ ਜਾਣ ਗਈ ਸਾਂ
ਉਸ ਹਾਸੇ ਪਿਛੇ ਖੌਰੇ
ਕਿੰਨੇ ਡੂੰਘੇ ਦਰਦ ਛੁਪੇ ਸਨ
ਹੱਸਦੇ ਚਿਹਰੇ ਰੋਂਦੇ ਚਿਹਰੇ
ਦੱਸ ਰਹੇ ਸਨ
ਦੁੱਨੀਆ ਵੱਨ ਸੁਵੱਨਾ ਮੇਲਾ
ਜੀਵਨ ਦੀ ਤੇ ਗਲ ਨਾ ਕਰਨਾ
ਮਰਨਾ ਵੀ ਏਥੇ ਸੌਖਾ ਨਹੀਂ

♥♥♥

ਅੰਦਰ ਮੇਰੇ ਬੋਲ ਤੂੰ ਸਾਈਂਆਂ

ਬਾਬਾ ਬੁਲ੍ਹੇ ਸ਼ਾਹ ਨੂੰ ਪੁੱਛਾਂ
ਇਸ਼ਕ ਦਾ ਦੀਵਾ ਬਾਲ ਕੇ ਸਾਈਂ
ਕੱਬਰਾਂ ਮੱਲ ਕੇ ਬਹਿ ਗਏ ਓ
ਸਾਡੇ ਵਰਗੇ ਕਮਲੇ ਝੱਲੇ
ਤੁਹਾਡੇ ਵਰਗੇ ਹੋ ਨਹੀਂ ਸਕਦੇ
ਗਲ ਵਿਚ ਪਾ ਕੇ ਇਸ਼ਕ ਦੀ ਮਾਲਾ
ਸੜਕਾਂ ਉੱਤੇ ਰੁਲਦੇ ਆਂ
ਦਰਦ ਵਿਛੋੜਾ ਸਹਿ ਨਹੀਂ ਸਕਦੇ
ਯਾਰ ਬਿਨਾ ਵੀ ਰਹਿ ਨਹੀਂ ਸਕਦੇ
ਟੱਕਰਾਂ ਮਾਰ ਕੇ ਇਧਰ ਉਧਰ
ਆਪਣੇ ਆਪ ਨੂੰ ਲੱਭਦੇ ਆਂ
ਐਸਾ ਕੀ ਫੇਰ ਹੋ ਨਹੀਂ ਸਕਦਾ
ਕੱਬਰਾਂ ਵਿਚੋਂ ਵਾਜ ਲਗਾਓ
ਹੱਥ ਫੜਾਓ ਕੋਲ ਬਿਠਾਓ
ਇਸ਼ਕ ਨੂੰ ਸਿੱਧੀ ਰਾਹ ਤੇ ਪਾਓ
ਇਸ਼ਕ ਤਮਾਸ਼ਾ ਕਰਦੇ ਕਰਦੇ
ਆਪ ਤਮਾਸ਼ਾ ਬਣ ਗਈ ਆਂ
ਖ਼ਤਮ ਕਰਵਾ ਲੈ ਇਸ਼ਕ ਤਮਾਸ਼ਾ
ਬਣ ਗਿਆ ਸਾਰੇ ਜੱਗ ਵਿਚ ਹਾਸਾ
ਇਸ਼ਕ ਮਖ਼ੌਲ ਨਹੀਂ ਹੁੰਦਾ ਸਾਈਂਆਂ
ਨੀਵੀਂ ਪਾ ਕੇ ਲੰਘ ਨਹੀਂ ਸਕਦੇ
ਦਿਲ ਦਾ ਕਿਵੇਂ ਹਾਲ ਸੁਣਾਵਾਂ
ਕਿੰਜ ਮੈਂ ਵਿਛੜਿਆ ਯਾਰ ਮਨਾਵਾਂ

ਆਪਣੇ ਆਪ ਵਿਚ ਡੁੱਬ ਕੇ ਸਾਈਂਆਂ
ਆਪਣੇ ਆਪ ਗੰਵਾ ਬੈਠੀ ਆਂ
ਬੇੜਾ ਪਾਰ ਲਗਾ ਦੇ ਸਾਈਂਆਂ
ਵਿਛੜਿਆ ਯਾਰ ਮਿਲਾ ਦੇ ਸਾਈਂਆਂ
ਹੋਰ ਨਾ ਮੈਨੂੰ ਰੋਲ ਤੂੰ ਸਾਈਂਆਂ
ਇਸ਼ਕ ਮਖੌਲ ਨਹੀਂ ਹੁੰਦਾ ਸਾਈਂਆਂ
ਹੋਰ ਨਾ ਮੈਨੂੰ ਰੋਲ ਤੂੰ ਸਾਈਂਆਂ
ਇਸ਼ਕ ਮਖ਼ੌਲ ਨਹੀਂ ਹੁੰਦਾ ਸਾਈਂਆਂ
ਹੋਰ ਨਾ ਮੈਨੂੰ ਰੋਲ ਤੂੰ ਸਾਈਂਆਂ
ਮੇਰੇ ਅੰਦਰ ਬੋਲ੍ਹ ਤੂੰ ਸਾਈਂਆਂ
ਮਨ ਦਾ ਬੂਹਾ ਖੋਲ ਤੂੰ ਸਾਈਂਆਂ
ਹੋਰ ਨਾ ਮੈਨੂੰ ਰੋਲ ਤੂੰ ਸਾਈਂਆਂ
ਅੰਦਰ ਮੇਰੇ ਬੌਲ ਤੂੰ ਸਾਈਂਆਂ

♥♥♥

ਕੀ ਮੈਂ ਤੇਰੀ ਕੁਝ ਨਹੀਂ ਲਗਦੀ

ਇਕ ਗਲ ਮੈਂ ਵੀ ਪੁਛਣੀ ਏ ਤੂੰ ਰੁਸਣਾ ਨਹੀਂ
ਇਕ ਗਲ ਮੈਂ ਵੀ ਦੱਸਣੀ ਏ ਤੂੰ ਕੁਟਣਾ ਨਹੀਂ
ਮਹਲ ਮਨਾਰੇ ਉਹਦੇ ਲਈ ਨੇਂ
ਚੰਨ ਸਿਤਾਰੇ ਉਹਦੇ ਲਈ ਨੇਂ
ਦਰਦ ਚੁਬਾਰੇ ਮੇਰੇ ਲਈ ਨੇਂ
ਟੁੱਟੇ ਤਾਰੇ ਮੇਰੇ ਲਈ ਨੇਂ
ਹੰਝੂ ਸਾਰੇ ਮੇਰੇ ਲਈ ਨੇਂ
ਗਲ ਸੁਣ ਮੇਰਿਆ ਸੋਹਣਿਆ ਰੱਬਾ
ਮੈਨੂੰ ਹੱਥ ਫੜਾਂਦਾ ਕਿਉਂ ਨਹੀਂ
ਮੈਨੂੰ ਤੋੜ ਪਹੁੰਚਾਂਦਾ ਕਿਉਂ ਨਹੀਂ
ਸੁਖ ਦੀ ਛਾਂ ਬਿਠਾਂਦਾ ਕਿਉਂ ਨਹੀਂ
ਮੈਥੋਂ ਯਾਰੀ ਲਾਂਦਾ ਕਿਉਂ ਨਹੀਂ
ਕੀ ਮੈਂ ਤੇਰੀ ਕੁਝ ਨਹੀਂ ਲਗਦੀ

♥♥♥

ਇਸ਼ਕ ਤਮਾਸ਼ਾ

ਦਰਦ ਵਿਛੋੜਾ ਕੋਈ ਨਾ ਸਮਝੇ
ਕੀਕਣ ਆਪਣਾ ਹਾਲ ਸੁਣਾਵਾਂ
ਇਸ਼ਕ ਦੀ ਘੁੰਮਣ ਘੇਰੀ ਪਾ ਕੇ
ਕੂੰਜ ਵਾਂਗੋਂ ਕੁਰਲਾਂਦੀ ਜਾਵਾਂ
ਘੁੰਮਣ ਘੇਰੀ ਪਾਂਦੀ ਜਾਵਾਂ
ਕੂੰਜ ਵਾਂਗੋਂ ਕੁਰਲਾਂਦੀ ਜਾਵਾਂ
ਸੁਣ ਵੇ ਮੇਰਿਆਂ ਸੋਹਣਿਆ ਰੱਬਾ
ਇਸ਼ਕ ਤਮਾਸ਼ਾ ਕਰਦੇ ਕਰਦੇ
ਆਪ ਤਮਾਸ਼ਾ ਬਣ ਗਈ ਆਂ
ਕਮਲੀ ਝੱਲੀ ਆਖਣ ਸਾਰੇ
ਜੱਗ ਵਿਚ ਹਾਸਾ ਬਣ ਗਈ ਆਂ
ਸੁਣ ਵੇ ਮੇਰਿਆ ਸੋਹਣਿਆ ਰੱਬਾ
ਆਸ਼ਕ ਮਾਣ ਵਧਾਂਦਾ ਕਿਉਂ ਨਹੀਂ
ਹਿਜਰ ਤੋਂ ਜਾਨ ਛਡਾਂਦਾ ਕਿਉਂ ਨਹੀਂ
ਨੂਰ ਨਸੀਬ ਬਣਾਂਨਾ ਕਿਉਂ ਨਹੀਂ
ਇਸ਼ਕ ਨੂੰ ਤੋੜ ਪਹੁੰਚਾਂਦਾ ਕਿਉਂ ਨਹੀਂ
ਆਸ਼ਕ ਯਾਰ ਮਿਲਾਂਦਾ ਕਿਉਂ ਨਹੀਂ
ਦੁਖ ਕਮਲੀ ਦਾ ਵੰਡਾਂਦਾ ਕਿਉਂ ਨਹੀਂ
ਕਮਲੀ ਨੂੰ ਸਮਝਾਂਦਾ ਕਿਉਂ ਨਹੀਂ
ਬੇੜੀ ਪਾਰ ਲਗਾਂਦਾ ਕਿਉਂ ਨਹੀਂ
ਮੇਰਾ ਤੂੰ ਬਣ ਜਾਂਦਾ ਕਿਉਂ ਨਹੀਂ

♥♥♥

ਬਾਬਾ ਗੁਰੂ ਨਾਨਕ

ਵਕਤ ਅਵੱਲੜਾ ਐਸਾ ਆਇਆ
ਰਾਤ ਨੇ ਹਰ ਸੂ ਡੇਰਾ ਲਾਇਆ
ਵਖਰੇ ਵਖਰੇ ਚੋਲੇ ਪਾ ਕੇ
ਹਰ ਇਕ ਵੱਖਰਾ ਦੀਪ ਜਲਾਇਆ
ਸਮਝ ਕਿਸੇ ਨੂੰ ਕੁਝ ਨਾ ਆਇਆ
ਮਨਜ਼ਲ ਦਾ ਰਸਤਾ ਨਾ ਪਾਇਆ
ਸਾਰੇ ਬੰਦੇ ਇਸ ਦੁੱਨੀਆ ਦੇ
ਇਕੋ ਰੱਬ ਨੂੰ ਮੱਨਣ ਵਾਲੇ
ਮਜ਼ਹਬ ਬੇਸ਼ਕ ਵਖਰਾ ਸਭ ਦਾ
ਆਸ਼ਕ ਨੇਂ ਉਸ ਰੱਬ ਦੇ ਸਾਰੇ
ਸਬਕ ਜਿਹੜਾ ਅਹਿਮਦ ਨੇ ਪੜ੍ਹਾਇਆ
ਹਰ ਇਕ ਨੇ ਉਸ ਨੂੰ ਦੁਹਰਾਇਆ
ਜਦੋਂ ਵੀ ਔਖਾ ਵੇਲਾ ਆਇਆ
ਰੱਬ ਸੋਹਣੇ ਰਹਿਬਰ ਭੱਜਵਾਇਆ
ਬੁੱਧਾ ਆਏ ਰਾਮਨ ਆਏ
ਰਿਸ਼ੀ ਤੇ ਕਰਿਸ਼ਨ ਆਏ
ਪੰਜ ਦਰਿਆਵਾਂ ਦੀ ਧਰਤੀ
ਲਾਲਚ ਹਸਦ ਨੇ ਡੇਰਾ ਲਾਇਆ
ਧਰਤੀ ਨੂੰ ਫੇਰ ਪਾਕ ਕਰਨ ਲਈ
ਬਾਬਾ ਗੁਰੂ ਨਾਨਕ ਆਇਆ
ਉਹਦੀ ਹੱਸਤੀ ਸੋਹਣੀ ਸੁੱਚੀ
ਉਹਨੇ ਵੀ ਗਲ ਇਹੋ ਦੱਸੀ
ਮਿਲ ਜੁਲ ਕੇ ਸਭ ਰਹਿਣਾ ਸਿੱਖੋ
ਦੁਖ ਵੰਡਾਓ ਮਿਲ ਕੇ ਹੱਸੋ
ਬੰਦਾ ਬੰਦੇ ਦਾ ਦਾਰੂ ਏ
ਇਕ ਦੂਜੇ ਦੇ ਬਣ ਕੇ ਵੱਸੋ
ਆਸ਼ਕ ਰੱਬ ਦਾ ਗੁਰੂ ਨਾਨਕ

ਰੱਬ ਦੀ ਰਹਿਮਤ ਗੁਰੂ ਨਾਨਕ
ਜੱਗ ਦੀ ਅਜ਼ਮਤ ਗੁਰੂ ਨਾਨਕ
ਗੁਰੂ ਨਾਨਕ ਦਾ ਫ਼ਰਮਾਇਆ
ਸਾਰੀ ਦੁੱਨੀਆ ਦੇ ਕੰਮ ਆਇਆ
ਸੱਭ ਨੇ ਉਸ ਦਾ ਕੌਲ ਨਿਭਾਇਆ
ਹਰ ਇਕ ਨੇ ਉਸ ਨੂੰ ਅੱਪਨਾਇਆ
ਦੂਰ ਹੋਈ ਜਗ ਤੋਂ ਬੁਰਿਆਈ
ਹਰ ਪਾਸੋਂ ਫੇਰ ਵਾਜ ਇਹ ਆਈ
ਬਾਬਾ ਗੁਰੂ ਨਾਨਕ ਆਇਆ
ਅਮਨੋ ਅਮਾਨ ਨੇ ਡੇਰਾ ਪਾਇਆ
ਬਾਬਾ ਗੁਰੂ ਨਾਨਕ ਆਇਆ

♥♥♥

ਮੈਨੂੰ ਦੱਸ ਫ਼ੇਰ ਤੂੰ ਕੀ ਕਰਦਾ

ਇਸ਼ਕ ਦਾ ਚੋਲਾ ਪਾਣਾ ਪੈਂਦਾ
ਨੱਚ ਕੇ ਯਾਰ ਮਨਾਣਾ ਪੈਂਦਾ
ਰੱਸਮਾਂ ਦੀ ਸੂਲੀ ਤੇ ਚੱੜ੍ਹ ਕੇ
ਆਪਣਾ ਆਪ ਗਵਾਣਾ ਪੈਂਦਾ
ਮੈਨੂੰ ਦੱਸ ਫੇਰ ਤੂੰ ਕੀ ਕਰਦਾ
ਦਰਦ ਵਿਛੋੜਾ ਲਾਣਾ ਪੈਂਦਾ
ਧੋਖਾ ਪਲ ਪਲ ਖਾਣਾ ਪੈਂਦਾ
ਸੜਕਾਂ ਤੇ ਰੁਲ ਜਾਣਾ ਪੈਂਦਾ
ਘੁੰਮਣ ਘੇਰੀ ਪਾ ਕੇ ਇੰਜ ਈ
ਖ਼ਾਲੀ ਹੱਥ ਟੁਰ ਜਾਣਾ ਪੈਂਦਾ
ਤੈਨੂੰ ਥੱਲੇ ਆਣਾ ਪੈਂਦਾ
ਬੰਦੇ ਵਾਂਗ ਨਿਭਾਣਾ ਪੈਂਦਾ
ਲਿਖੇ ਹੋਏ ਤੇ ਰਾਜ਼ੀ ਰਹਿ ਕੇ
ਨੀਵੀਂ ਪਾ ਟੁਰ ਜਾਣਾ ਪੈਂਦਾ
ਮੈਨੂੰ ਦੱਸ ਫੇਰ ਤੂੰ ਕੀ ਕਰਦਾ

♥♥♥

ਬੇ - ਵਸਾਹੀ

ਠੂੰਹੇਂ ਵਾਂਗ ਨਾ ਡੰਗ ਸਕਦੀ ਆਂ
ਨਿਉਲੇ ਵਾਂਗ ਨਾ ਲੜ ਸਕਦੀ ਆਂ
ਮਕੜੀ ਵਾਂਗ ਮੈਂ ਜਲਦੀ ਜਲਦੀ
ਜਾਲਾ ਵੀ ਨਹੀਂ ਬੁਣ ਸਕਦੀ ਆਂ
ਇਨਸਾਨਾਂ ਦੇ ਇਸ ਜੰਗਲੇ ਵਿਚ
ਚਾਰ ਚੁਫ਼ੇਰੇ ਕੰਧਾਂ ਮੇਰੇ
ਆਪਣਾ ਆਪ ਬਚਾਵਣ ਦੇ ਲਈ
ਕੰਧਾਂ ਉੱਚੀਆਂ ਕਰ ਕੇ ਮੈਨੂੰ
ਛੱਤ ਬਨਾਣੀ ਪੈ ਜਾਂਦੀ ਏ
ਬੂਹੇ ਲਾਣੇ ਪੈ ਜਾਂਦੇ ਨੇਂ
ਬਾਹਰੋਂ ਕੋਈ ਆ ਨਾ ਜਾਏ
ਕੁੰਡੀ ਲਾਣੀ ਪੈ ਜਾਂਦੀ ਏ
ਵਾਂਗ ਕਬੂਤਰ ਮੂੰਹ ਨੂੰ ਲੁਕਾ ਕੇ
ਜਾਨ ਬਚਾ ਪੈ ਜਾਂਦੀ ਏ

♥♥♥

ਸ਼ੀਸ਼ੇ ਦੇ ਜੁੱਸੇ ਵਾਲੀ

ਸ਼ੀਸ਼ੇ ਵਰਗੇ ਜੁੱਸੇ ਵਾਲੀ
ਹਰ ਇਕ ਔਰਤ ਹੁੰਦੀ ਏ
ਓਹਦਾ ਹਰ ਇਕ ਰੂਪ ਅਵੱਲੜਾ
ਹਰ ਹਰ ਰੂਪ 'ਚ ਫੱਬਦੀ ਏ
ਸੁਣਦੀ ਏ ਹਰ ਇਕ ਦੀਆਂ ਗੱਲਾਂ
ਕਿਸੇ ਕੋਲੋਂ ਕਦ ਰੁਸਦੀ ਏ
ਸਭ ਦਾ ਦਰਦ ਵੰਡਾ ਲੈਂਦੀ ਏ
ਆਪਣਾ ਆਪ ਗਵਾ ਦੇਂਦੀ ਏ
ਹੰਝੂ ਸੱਭ ਦੀ ਅੱਖਾਂ ਦੇ ਉਹ
ਆਪਣੀ ਅੱਖ ਵਿਚ ਪਾ ਲੈਂਦੀ ਏ
ਧੁੱਪਾਂ ਦੇ ਵਿਚ ਨੰਗੇ ਪੈਰੀਂ
ਚਲ ਚਲ ਕੇ ਉਹ ਥੱਕਦੀ ਨਹੀਂ
ਸ਼ੀਸ਼ੇ ਵਰਗੇ ਇਸ ਜੁੱਸੇ ਨੂੰ
ਪੱਥਰ ਪੈਂਦੇ ਰਹਿੰਦੇ ਨੇਂ
ਕਿਰਚੀ ਕਿਰਚੀ ਹੋ ਜਾਂਦੀ ਏ
ਟੁੱਟ ਕੇ ਫੇਰ ਖਿੱਲਰ ਜਾਂਦੀ ਏ
ਖੌਰੇ ਕਿੱਸਰਾਂ ਜੁੱਸੇ ਨੂੰ
ਸਾਂਭ ਸਾਂਭ ਕੇ ਟੁਰਦੀ ਏ
ਘੱਟ ਈ ਐਸੇ ਲੋਕ ਨੇਂ ਜਿਹੜੇ
ਇਸ ਨੂੰ ਇੱਜ਼ਤ ਦੇਂਦੇ ਨੇਂ
ਸ਼ੀਸ਼ੇ ਦੇ ਜੁੱਸੇ ਵਾਲੀ ਨੂੰ
ਸ਼ੀਸ਼ੇ ਵਾਂਗ ਸਮਝਦੇ ਨੇਂ
ਸਾਂਭ ਸਾਂਭ ਕੇ ਰੱਖਦੇ ਨੇਂ

♥♥♥

ਅਨਾ ਦਾ ਪੱਥਰ

ਸਾਡੀ ਜਿੰਦੜੀ ਦਾ ਉਹ ਪਯੰਬਰ ਸੀ
ਲੋਕੀ ਕਹਿੰਦੇ ਨੇਂ ਉਹ ਸਿਤਮਗਰ ਸੀ
ਸਿਰ ਨਾ ਨੀਵਾਂ ਕਦੀ ਵੀ ਕੀਤਾ ਸੀ
ਉਸ ਦੇ ਅਗੇ ਅਨਾ ਦਾ ਪੱਥਰ ਸੀ
ਨਾਲ ਪੱਥਰ ਦੇ ਮੱਥਾ ਫੱੜ ਲਿਆ
ਇਕ ਕਰਜ਼ੇ ਵਫਾ ਮਿਰੇ ਸਰ ਸੀ

♥♥♥

ਹਿਜਰ ਦੀ ਬੁੱਕਲ

ਹਿਜਰ ਦੀ ਬੁੱਕਲ ਮਾਰ ਕੇ ਸਿਰ ਤੇ ਟੁਰਦੀ ਆਂ
ਆਪਣੀ ਅੱਗ ਵਿਚ ਕੱਲੀ ਪਈ ਮੈਂ ਬਲਦੀ ਆਂ
ਵਾਜਾਂ ਦੀ ਗੰਢੜੀ ਨੂੰ ਚੁੱਕ ਕੇ ਮੋਢੇ ਤੇ
ਚੁੱਪ ਦੀ ਪੌੜੀ ਹੌਲੀ ਹੌਲੀ ਚੜ੍ਹਦੀ ਆਂ
ਆਪਣਾ ਆਪ ਸਮੇਟਣ ਦੀ ਕੋਸ਼ਸ਼ ਦੇ ਵਿਚ
ਟੋਟੇ ਟੋਟੇ ਹੋ ਕੇ ਰੋਜ਼ ਖਿਲਰਦੀ ਆਂ

♥♥♥

ਮਿੱਟੀ

ਮਿੱਟੀ ਲੈ ਕੇ ਹੱਥ ਵਿਚ ਆਪਣੇ
ਕਦੋਂ ਦੀ ਬੈਠੀ ਸੋਚ ਰਹੀ ਆਂ
ਮੈਂ ਵੀ ਮੂਰਤ ਮਿੱਟੀ ਦੀ ਆਂ
ਇਸ ਮਿੱਟੀ ਨਾਲ ਕੀ ਮੈਂ ਢਾਲਾਂ
ਬਰਤਨ ਭਾਂਡੇ ਬੁਤ ਬਣਾਵਾਂ
ਘਰ ਬਣਾਵਾਂ ਕਬਰ ਤੇ ਲਾਵਾਂ
ਇਹ ਹੀ ਦਿਲ ਕਮਲੇ ਨੂੰ ਸਮਝਾਵਾਂ
ਮਿੱਟੀ ਮੈਂ ਵੀ ਮਿੱਟੀ ਇਹ ਵੀ
ਮਿੱਟੀ ਖੇਡਾਂ ਮਿੱਟੀ ਪਾਵਾਂ
ਹੰਢਦੇ ਹੰਢਦੇ ਨਾਲ ਮਿੱਟੀ ਦੇ
ਖੁਦ ਮਿੱਟੀ ਹੋ ਜਾਵਾਂ

♥♥♥

ਕੁਝ ਫ਼ਰਜ਼ ਨਿਭਾਣੇ ਪੈਂਦੇ ਨੇਂ
ਕੁਝ ਕਰਜ਼ ਵੀ ਲਾਹਣੇ ਪੈਂਦੇ ਨੇਂ

ਕਦੀ ਆਪ ਵੀ ਰੁਸਣਾ ਪੈਂਦਾ ਏ
ਕਦੀ ਯਾਰ ਮਨਾਣੇ ਪੈਂਦੇ ਨੇਂ

ਦਿਲ ਕੀਆਂ ਦਿਲ ਵਿਚ ਰਹਿ ਗਈਆਂ ਨੇਂ
ਸਭ ਨੂੰ ਆਪਣੀਆਂ ਪੈ ਗਈਆਂ ਨੇਂ

ਚੁੱਪ ਵੱਟੀ ਬੈਠੇ ਨੇਂ ਸਾਰੇ
ਅੱਖਾਂ ਸੱਭ ਕੁਝ ਕਹਿ ਗਈਆਂ ਨੇਂ

ਸੋਹਣੀ ਧਰਤੀ

ਅਸਾਂ ਵਾਹਦਾ ਅਜ ਇਕ ਕਰਨਾ ਏ
ਇਸ ਧਰਤੀ ਵਿਚ ਰੰਗ ਭਰਨਾ ਏ
ਇਹ ਧਰਤੀ ਸ਼ੇਰ ਜਵਾਨਾਂ ਦੀ
ਇਹ ਧਰਤੀ ਏ ਇੱਨਸਾਨਾਂ ਦੀ
ਏਥੇ ਵੱਸਣ ਵਾਲੇ ਮਿੱਤਰ ਨੇਂ
ਕਹਿੰਦੇ ਉਹ ਪਿਆਰ ਦੇ ਅੱਖਰ ਨੇਂ
ਅਸਾਂ ਵਲ ਬਸ ਪਿਆਰ ਨਾਲ ਤਕਣਾ ਏ
ਜਿਹੜਾ ਭੈੜੀ ਅੱਖ ਨਾਲ ਤੱਕੇ ਗਾ
ਉਹ ਮਜ਼ਾ ਵੀ ਇਹਦਾ ਚੱਖੇ ਗਾ
ਜਿਹੜਾ ਜੱਗ ਦਾ ਪਾਲਣ ਵਾਲਾ ਏ
ਇਸ ਧਰਤੀ ਦਾ ਰਖਵਾਲਾ ਏ
ਇਹ ਧਰਤੀ ਸਾਡੀ ਸ਼ਾਨ ਵੀ ਏ
ਇਹ ਧਰਤੀ ਸਾਡਾ ਮਾਨ ਵੀ ਏ
ਇਹ ਧਰਤੀ ਸਾਡਾ ਖ਼ਜ਼ਾਨਾ ਏ
ਸਾਰੇ ਜਗ ਨੂੰ ਸਮਝਾਣਾ ਏ
ਇਹਦੇ ਵਾਸਤੇ ਸੁਖਣਾ ਸੁੱਖਿਆ ਏ
ਇਕ ਦੀਵਾ ਬਾਲ ਕੇ ਰਖਆ ਏ
ਅਸਾਂ ਇਹਦਾ ਮਾਨ ਵਧਾਵਾਂ ਗੇ
ਧਰਤੀ ਅਸਮਾਨ ਬਣਾਵਾਂ ਗੇ

♥♥♥

ਖ਼ਾਲਿਕ ਦੀ ਤਲਾਸ਼

ਮੈਨੂੰ ਦੱਸ ਦੇ ਕਿਹੜਾ ਮੌਸਮ ਮੇਰਾ ਏ
ਮੈਨੂੰ ਵਖਾ ਦੇ ਕਿਹੜਾ ਮੱਨਜ਼ਰ ਮੇਰਾ ਏ
ਆਪਣਾ ਠਕਾਣਾ ਲੱਭਦੇ ਲੱਭਦੇ ਥੱਕ ਗਈ ਆਂ
ਦੱਸ ਵੀ ਦੇ ਨਾ ਕਿਹੜਾ ਅੰਬਰ ਮੇਰਾ ਏ
ਮਿੱਟੀ ਮੇਰੀ ਅਰਸ਼ ਤੇ ਗੁੰਨ੍ਹ ਕੇ
ਫ਼ਰਸ਼ ਦੇ ਉੱਤੇ ਸੁਟ ਦਿੱਤਾ ਏ
ਤੇਰੀ ਇਸ ਦੁੱਨੀਆ ਵਿਚ ਰੱਬਾ
ਕਦੋਂ ਦੀ ਰੁਲਦੀ ਫਿਰਦੀ ਆਂ
ਦਰਿਆ ਚੁੱਪ ਵਾਦੀ ਵੀ ਚੁੱਪ ਏ
ਧਰਤੀ ਚੁੱਪ ਅਸਮਾਨ ਵੀ ਚੁੱਪ ਏ
ਮੌਸਮ ਬਦਲੀ ਖ਼ੁਸ਼ਬੋ ਚੁੱਪ ਏ
ਤਿੱਤਲੀ ਜੁੱਗਨੂੰ ਪੰਛੀ ਚੁੱਪ ਏ
ਚੰਨ ਨੂੰ ਪੁੱਛਾਂ ਉਹ ਲੁੱਕ ਜਾਏ
ਸੂਰਜ ਅੱਗ ਵਿਚ ਬਲਦਾ ਜਾਏ
ਲਭਦੇ ਪੁੱਛਦੇ ਉਮਰਾਂ ਲੰਘੀਆਂ
ਇਹ ਹੀ ਅੱਜ ਮੈਂ ਸੋਚ ਰਹੀ ਆਂ
ਕੁੱਝ ਨਾ ਮੰਗਾਂ ਕੁਝ ਨਾ ਪੁੱਛਾਂ
ਅੱਖਾਂ ਨੂੰ ਆਪਣੀ ਬੰਦ ਕਰਕੇ
ਚੁੱਨੀ ਮੈਂ ਫੈਲਾ ਦੇਂਦੀ ਆਂ
ਇਹ ਕਹਿੰਦੀ ਆਂ :
ਤੇਰੇ ਦਰ ਤੇ ਆ ਹੀ ਗਈ ਆਂ
ਆਪਣਾ ਆਪ ਤੂੰ ਮੈਨੂੰ ਦੇ ਦੇ
ਮੇਰੀ ਸਾਰੀ ਜਿੰਦੜੀ ਲੈ ਲੈ
ਤੂੰ ਗਰ ਮੇਰਾ ਬਣ ਜਾਵੇਂ ਗਾ
ਫ਼ੇਰ ਕੀ ਗ਼ੱਮ ਏ
ਸੱਭੋ ਮੌਸਮ ਮੇਰੇ ਮੌਸਮ
ਸੱਭੋ ਰੰਗ ਮੇਰੇ ਰੰਗ ਨੇਂ

♥♥♥

ਇੱਸ਼ਕ ਦਾ ਦੀਵਾ

ਸੱਧਰਾਂ ਦੇ ਜੰਗਲ ਵਿਚ ਜਾ ਕੇ
ਮੈਂ ਆਪਣਾ ਆਪ ਗਵਾ ਬੈਠੀ
ਰੁੱਖਾਂ ਦੀ ਛਾਂ ਵੀ ਦੂਰ ਹੋਈ
ਮੈਂ ਸੁੱਤੇ ਦਰਦ ਜਗਾ ਬੈਠੀ
ਇਸ ਜੱਗ ਨਾਲ ਪ੍ਰੀਤ ਲਗਾ ਬੈਠੀ
ਮੈਂ ਕਾਹਨੂੰ ਧੋਖਾ ਖਾ ਬੈਠੀ
ਮੈਂ ਕਾਹਨੂੰ ਪ੍ਰੀਤ ਵਧਾ ਬੈਠੀ

ਹਰ ਪਾਸੇ ਘੁੱਪ ਹਨੇਰਾ ਸੀ
ਮੱਨਜ਼ਲ ਦੀ ਰਾਹ ਗਵਾ ਬੈਠੀ
ਇਕ ਇਸ਼ਕ ਦਾ ਦੀਵਾ ਬਾਲ ਕੇ ਮੈਂ
ਸੱਭ ਦੀਵੇ ਆਪ ਬੁਝਾ ਬੈਠੀ
ਮੈਂ ਇੰਜ ਈ ਰੋਗ ਲਗਾ ਬੈਠੀ
ਮੈਂ ਕਾਹਨੂੰ ਧੋਖਾ ਖਾ ਬੈਠੀ
ਮੈਂ ਕਾਹਨੂੰ ਪ੍ਰੀਤ ਵਧਾ ਬੈਠੀ

ਮੈਂ ਹੋ ਗਈ ਸਾਂ ਕਿਉਂ ਬੇ-ਕਾਬੂ
ਉਹਨਾਂ ਅੱਖਾਂ ਵਿਚ ਸੀ ਕੀ ਜਾਦੂ
ਬਿਨ ਸੋਚੇ ਬਿਨ ਸਮਝੇ ਆਈ
ਤਨ ਮਨ ਦੀ ਸੁੱਧ ਬਸਰਾ ਬੈਠੀ
ਇਸ ਜੱਗ ਨਾਲ ਪ੍ਰੀਤ ਲਗਾ ਬੈਠੀ
ਮੈਂ ਕਾਹਨੂੰ ਪ੍ਰੀਤ ਵਧਾ ਬੈਠੀ

ਮਕਸਦ ਪਾਵਣ ਦੀ ਜਲਦੀ ਵਿਚ
ਮੈਂ ਰੇਤ ਤੇ ਨਕਸ਼ ਬਣਾ ਬੈਠੀ
ਬਿਨ ਸੋਚੇ ਸਮਝੇ ਮੱਨਜ਼ਲ ਦੇ
ਸਭ ਰੱਸਤੇ ਆਪ ਮਿਟਾ ਬੈਠੀ
ਇਸ ਜੱਗ ਨਾਲ ਪ੍ਰੀਤ ਲਗਾ ਬੈਠੀ
ਮੈਂ ਕਾਹਨੂੰ ਧੋਖਾ ਖਾ ਬੈਠੀ
ਮੈਂ ਕਾਹਨੂੰ ਪ੍ਰੀਤ ਵਧਾ ਬੈਠੀ

ਮਨ ਅੰਦਰ ਬੈਠਾ ਪੀ ਮੇਰਾ
ਰਟ ਪੀ ਪੀ ਦੀ ਮੈਂ ਲਗਾ ਬੈਠੀ
ਮਨ ਦੇ ਬੂਹੇ ਨੂੰ ਬੰਦ ਕਰ ਕੇ
ਮੈਂ ਆਪਣੇ ਪੀ ਨੂੰ ਭੁਲਾ ਬੈਠੀ
ਅਣਜਾਣ ਸੀ ਧੋਖਾ ਖਾ ਬੈਠੀ
ਮੈਂ ਕਾਹਨੂੰ ਪ੍ਰੀਤ ਲਗਾ ਬੈਠੀ
ਮੈਂ ਕਾਹਨੂੰ ਧੋਖਾ ਖਾ ਬੈਠੀ

ਜ਼ਰਾ ਮਨ ਨਾ ਬੂਹਾ ਖੋਲ੍ਹ ਪੀਆ
ਤੂੰ ਅੰਦਰ ਮੇਰੇ ਬੋਲ ਪੀਆ
ਤੂੰ ਸਾਥੀ ਏਂ ਅਣਮੋਲ ਪੀਆ
ਹੁਣ ਬੋਲ ਪੀਆ ਹੁਣ ਬੋਲ ਪੀਆ
ਨਾ ਜਿੰਦੜੀ ਮੇਰੀ ਰੋਲ ਪੀਆ
ਹੁਣ ਬੋਲ ਪੀਆ ਹੁਣ ਬੋਲ ਪੀਆ

ਮੈਂ ਸਾਰੇ ਰਿਸ਼ਤੇ ਤੋੜ ਚੁਕੀ
ਮੈਂ ਦੁੱਨੀਆ ਤੋਂ ਮੂੰਹ ਮੋੜ ਚੁਕੀ
ਹੁਣ ਤੇਰੇ ਦਵਾਰੇ ਆ ਬੈਠੀ
ਇਸ ਜੱਗ ਤੋਂ ਪ੍ਰੀਤ ਹਟਾ ਬੈਠੀ
ਅਣਜਾਣ ਸੀ ਧੋਖਾ ਖਾ ਬੈਠੀ
ਹੁਣ ਜਗ ਤੋਂ ਪ੍ਰੀਤ ਹਟਾ ਬੈਠੀ

ਤੂੰ ਆਪਣਾ ਮੂੰਹ ਹੁਣ ਖੋਲ੍ਹ ਪਿਆ
ਕੁਝ ਬੋਲ ਪੀਆ ਕੁਝ ਬੋਲ ਪੀਆ
ਨਾ ਅਮਲ ਨੂੰ ਮੇਰੇ ਤੋਲ ਪੀਆ
ਦੁਖ ਜੀਵਨ ਵਿਚ ਨਾ ਘੋਲ ਪੀਆ
ਤੂੰ ਅੰਦਰ ਮੇਰੇ ਬੋਲ ਪੀਆ
ਕੁਝ ਬੋਲ ਪੀਆ ਕੁਝ ਬੋਲ ਪੀਆ

♥♥♥

عِشق دا دِیوا

(شعری پراگا)

شہناز مزمل

ادارا پنجابی زبان تے ثقافت

انسٹیٹیوٹ آف پنجابی لینگوئج اینڈ کلچر

24-امیر روڈ، بلال گنج، لاہور

891-421 SHAHNAZ MUZZAMIL
SHA-I ISHAQ DA DEVA /SHAHNAZ MUZAMMIL----- LAHORE
INSTITUTE OF PUNJABI LANGUAGE & CULTURE . 2004
P-120

۸۹۱۰۴۲۱ شہناز مزمل
ش ہ ن۔ع عِشق دا دیوا / شہناز مزمل.....لاہور
انسٹیٹیوٹ آف پنجابی لینگویج اینڈ کلچر، 2004
ص:۱۲۰

ISHAQ DA DEVA

(Punjabi Poetry)

BY: **SHAHNAZ MUZAMMIL**

Price:Pak Rs 200.00,US $ 15.00,Europe C 10.00
First Edition:September 29,2004
Code:IPLAC-11(152/0024/9-5H
Published by: ILYAS GHUMMAN
Chairman:Institute Of Punjabi Language &Culture
24 Ameer Road,Bilal Gunj, Lahore, PAKISTAN
e-mail:ighumman@ pol.com.pk
(0092-333-4358387 & 0092-42-7244969)

مُل: 200 رُپئے
پہلی وار: 29 ستمبر 2004
مُکھ مُورت: آغا نثار

چیئرمین ادارا پنجابی زبان تے ثقافت نے حاجی حنیف اینڈ سنز، مُنشی بلڈنگ، کچا رشید روڈ، لاہور توں چھپوا کے ورتائی

چڑھاوا

کدی نہ بھُلن والیاں دے ناں

جان پچھان

نان: شہناز مزمل

تاریخ پیدائش: 10 اپریل

تعلیم: ایم اے لائبریری سائنس

ڈپلوما سائنٹیفک مینجمنٹ (نیدرلینڈ)

ڈی ایچ ایم ایس (D.H.M.S)

روزگار: اسسٹنٹ ڈائریکٹر لائبریری آرکائیو،

ایس اینڈ جی اے ڈی، سول سیکریٹریٹ، لاہور

چھپیاں کتاباں

پنجابی شاعری:

1۔ عشق دا دیوا

اُردو شاعری

1۔ پیامِ نو

2۔ جرائتِ اظہار

3۔ جذب و حروف

4۔ عکسِ دیوار پہ تصویر

5۔ موم کے سائباں

6۔ میرے خواب ادھورے ہیں

7۔ جادہ عرفاں

8۔ عشق تماشا

9۔ قرضِ وفا

10۔ عکسِ خیال، شہناز مزمل شخصیت اور فن

نثری کتاباں:

1۔ لائبریریوں کا شہر لاہور (ڈائریکٹری)

2۔ فروغ مطالعہ کے بنیادی کردار

3۔ نماز بچّوں کے لئے

4۔ کتابیات اقبال

5۔ کتابیات مقالہ جات

آؤن والیاں کتاباں

1۔ گُھیاں پیڑاں (پنجابی شاعری)

2۔ کُلیات (اُردو شاعری)

3۔ شہناز کی غزلیں

4۔ تیرے بعد (اُردو شاعری)

5۔ دوستی کا سفر (سفرنامہ)

6۔ اُجلا کون میلا کون (کالم پراگا)

ادبی ثقافتی ذمے واریاں:

☆ چیئر پرسن ادبی تنظیم ''ادب سرائے'' (قائم شدہ 1988ء)

☆ چیئر پرسن: ''سلطان میموریل ویلفیئر ٹرسٹ''

☆ چیئر پرسن: ''قادری میموریل ویلفیئر ٹرسٹ''

☆ ممبر: لاہور کلچرل کونسل

☆ ممبر: رائٹرز گلڈ پاکستان

☆ ممبر: حلقہ ارباب ذوق

☆ ممبر: پاکستان لائبریری ایسوسی ایشن (پی ایل اے)

☆ ممبر: پنجاب لائبریری سائنس المنائی ایسوس ایشن (پلسا)

☆ ممبر: انٹرنیشنل ویمن کلب

پتا: 125۔ ایف، ماڈل ٹاؤن، لاہور

ای میل: shahnazmuzammil@hotmail.com

adabsaraae@yahoo.com

ویب سائٹ: www.smpoetry.com.pk

فون: 0092-42-5832335

موبائل: 0092-300-4275692

ویروا

- رنگی جہی گل 7
- حمد 9
- صلِّ علیٰ 10
- نعت 11
- نعت 12

غزلاں

1 کر میرے نال اوہ چال گیا 13

2۔ گدڑی وِچ لعل تے چھپدے نہیں 14

3۔ آلھنا میرے دِل وِچ پا کے رہندیاں تیریاں یاداں نیں 15

4۔ مینوں کاہنوں ڈنگیا اے 16

5۔ اِنج تے اِک دِن ہونا سی 17

6۔ جہڑے لوکی پردیساں نُوں اپنا دیس بنالیندے نیں 18

7۔ میں کاہنوں سوچ وِچار کراں 19

8۔ دھوکا ہر پل کھانا پیندا 20

9۔ سجری سوہنی ہستی تیری 21

10۔ اساں کدوں آکھیا سی دُنیا ای چھوڑ دے 22

11۔ تہاڈے نال سوہنیو میں دوستی وی لائی اے 23

12۔ ہنجواں دی برسات اے سائیں 24

13۔ کیہ کرنا جاگیراں نُوں 26

14۔ گل مینوں اِک دس نی کُڑیئے 27

15۔ رنگھے درد جگا جاندا ایں 28

16۔ سکھنا اِک میں سکھیا اے 29

17۔ دِل دا بُوہا کھول توں سائیں 30

18۔ شیشے ورگے سارے گھر 31
19۔ میں دُکھ ونڈاون نِکلی آں میں اپنا قول نبھایا اے 32
20۔ مٹی دے گھر برساتاں وِچ ڈھہ جاندے 33
21۔ پیا ملن دی آس لگائی 34
22۔ زخماں نال دِل چُورتے نہیں 36
23۔ ظُلم دی ہر تصویر مٹائی جاسکدی سی 37
24۔ رات انھیری بُکل مارے 38
25۔ دردوِچھوڑا سہہ نہ پاواں 39
26۔ بُوٹا پیار دا میرے اندر ربّ نے ایسا لایا 41

نظماں

1۔ سوچ دی گنڈھ 43
2۔ گُجھیاں پیڑاں 45
3۔ اندر میرے بول توُں سائیاں 46
4۔ کیہ میں تیری کُجھ نہیں لگدی 48
5۔ عِشق تماشا 49
6۔ بابا گرونانک 51
7۔ مینوں دسّ فیر توں کیہ کردا 53
8۔ بے وساہی 54
9۔ شیشے دے جُسّے والی 55
10۔ اَنادا پتھّر 57
11۔ ہجر دی بُکل 58
12۔ مِٹی 59
13۔ کُجھ فرض نبھانے پیندے نیں 60
14۔ سوہنی دھرتی 61
15۔ خالق دی تلاش 63
16۔ عِشق دا دِیوا 64

نِکّی جہی گل

کدی اِنج ہوندا اے کہ کسے کم واسطے اپنی نسّ بھج کرنی پیندی اے کہ بندا ہف جاندا اے تے واج لاندا اے:

ختم کرو ایہ عِشق تماشا
بن گیا سارے جگ وِچ ہاسا

تے کدی کوئی کم بڑی ترتیب نال پُورا ہو کے ایسراں سامہنے آ جاندا اے کہ عقل حیران رہ جاندی اے۔

اُردو شاعری دِیاں دس کتاباں تے پنج نثر تے تحقیق دِیاں کتاباں تیراں سالاں وِچ شائع ہوئیاں، پنجابی شاعری نالو نال ہوندی رہی۔ اُردو شاعری دی گیارھویں کتاب "تیرے بعد" تیار ہو رہی سی، ہجر دی بُکّل مار کے ٹُردیاں

ڈُونگھے درد سمیٹے، گجھیاں پیڑاں تے لمے پینڈے نے تھکا دِتا۔ ساہ لین واسطے اکھاں بند کیتیاں۔ اکھاں اگے انھیرا ای انھیرا سی، عِشق دا دِیوا چرو کنا کول پیا سی۔ دِل وِچ دُکھ دے بھانبڑ بلے تے ایہ دِیوا آپو آپ بل گیا۔ چاروں پاسے رُشنائی پھیل گئی۔ اکھاں کھول کے ایدھر اودھر تکیا تے سامہنے پنجابی شاعری دی کتاب "عِشق دا دِیوا" چم چم کر رہی سی۔ اچن چیت سبھ کجھ ہو گیا۔ جِند ڑی اِک دمّ کھڑ کھڑ ہسّ پئی۔

خُونِ دِل دے نال ایہ عِشق دا دِیوا بالیا اے تے ہُن اینوں تہاڈے ہتھاں وِچ پھڑا رہی ہاں۔ ہو سکدا اے، ایہدی رُشنائی چ تہانوں وی کجھ لبھّ جائے۔ جو کجھ تہانوں نظر آئے، مینوں دسنا نہ بھُلنا، میں تہاڈے وِچاراں نُوں اُڈیکاں گی۔

ربّ راکھا

شہناز مزمل
ادب سرائے
125- ایف ماڈل ٹاؤن
لاہور، پنجاب، پاکستان

حمد

تُوں ہی سچّا رب اے سائیں
اُچی، تیری ذات
تیرے دَر تے آ کے میری
اکھاں وِچ برسات
دِیوے سارے بُجھن لگے
ڈھلدی جاوے رات
میرا لوُں لوُں کنبن لگا
کِنج کراں گل بات
اِسمِ محمدؐ دِل وِچ اُترے
نُور بنے سوغات
فیر لِکھاں میں نعت
اُچی تیری ذات اے سائیں
اُچی تیری ذات

صلِّ علیٰ

مظہرِ نورِ خدا
صلِّ علیٰ صلِّ علیٰ
اِبتدا و انتہا
صلِّ علیٰ صلِّ علیٰ
مُرتضیٰ و مُصطفیٰ
صلِّ علیٰ صلِّ علیٰ
آپ کہندا اے خُدا
صلِّ علیٰ صلِّ علیٰ
رل کے آکھو برملا
صلِّ علیٰ صلِّ علیٰ

نعت

جی کردا جی جان لُٹاواں
سوہنے نبی ﷺ دا جشن مناواں
سچی ذات اوہناں دی جگ تے
سُچّل دے میں صدقے جاواں
اوہی سوہنا سبھ کجھ میرا
عاشق بن کے حال سُناواں
چھاں کملی دی جے اوہ بخشن
ڈھپّاں توں نہ میں گھبراواں
اوہناں دے قدماں وِچ بَہِ کے
نُور دی میں رُشنائی پاواں
نُور سمایا میرے اندر
کیوں میں اَپنا آپ جلاواں
مُرشد دِتا سبھ توں افضل
سوہنے ربّ توں واری جاواں

نعت

اکھاں بند کر کے بہِ جاواں
اندر تیرا ہی پرچھاواں
جے او خاباں وِچ رل جاون
رو رو دِل دا حال سُناواں
اج دی دُنیا دے اندر میں
اکھیّں ویکھ کے موہرا کھاواں
سجناں نُوں ویکھن دے چاہ وِچ
اوہدے شہر دے چکر لاواں
خود غرضاں وِچ رُگھر کے میں تے
جھولی خالی کردی جاواں
اوہناں دے قدماں وِچ بہِ کے
اپنی ہر غلطی من جاواں
جے اوہ وعدا کرن رلن دا
سسّی وانگ میں تردی جاواں
سبھ کجھ چھڈ کے سبھ کجھ بھُل کے
عِشق نُوں اپنے آپ مناواں

غزلاں

☆

کر میرے نال اوہ چال گیا
اِک عِشق دا دِیوا بال گیا

جو منزل توڑ نہ جانڈا سی
اوہ رستا میرے نال گیا

اوہ سجن سی اوہ مِتر سی
اوہ کاہنوں بن وبال گیا

جو پُورا کدے نہ ہو سکیا
اُس خاب دے ول خیال گیا

تلوار دے وانگ اوہ تِکھّا سی
بن کِنج اوہ میری ڈھال گیا

میں عِشق دا دِیوا چک بیٹھی
اوہ لُوں لُوں میرا بال گیا

☆

گُدڑی وِچ لعل تے چھُپدے نہیں
ٹُٹ جانڈے نیں پر مُکدے نہیں

منزل دی لوڑ نہ اوہناں نُوں
جِنہڑے پینڈے کولوں تھکدے نہیں

لمی اے اُڈاری جِنہاں دی
اوہ پِچھے مُڑ کے تکدے نہیں

ایہ سچ اے اُچیچے لوکاں دے
متھے تے وٹ تے سجدے نہیں

خنجر وی ہووے گردن تے
اکھر اِک مُونہہ چوں کڈھدے نہیں

سبھ کجھ ہس کے کہِ جانڈے آں
کدی دِل وِچ گلاں رکھدے نہیں

☆

آلھنا میرے دِل وِچ پا کے رہندیاں تیریاں یاداں نیں
چار چوفیرے گھُپ انھیرے دُکھاں دِیاں واٹاں نیں

وَنّ سوَنّے لوک نیں ایتھے وَنّ سوَنّیاں بولیاں نیں
کوئی نہ تیرے ورگا دِسدا ونّ سوَنّیاں ذاتاں نیں

سُورج کتھے ڈیرا لایا چانن کتھے ہویا اے
سمجھ نہ آئے دِن چڑھیا یاں لمیاں کالیاں راتاں نیں

رانجھن تینوں لبھدے لبھدے اَپنے آپ نُوں بھُل گئی آں
اَپنے نال وی ہُن تے میری گھٹ ودھ ای ملاقاتاں نیں

درد وِچھوڑا اندر میرے بھانبھڑ بال کے رکھدا اے
تیریاں یاداں سوہنیا سجنا کملی لئی سوغاتاں نیں

☆

مینوں کاہنوں ڈنگیا اے
میں تاں کجھ نہیں منگیا اے

کسے وی گل تے نہ نہیں کیتی
خورے اوہ کیوں رُسیا اے

مِلن دا ویلا وی آئے گا
دِل کملے نے دسیا اے

سامہنے ویکھ کے جِنڈری نُوں
کِھڑ کِھڑ موسم ہسیا اے

☆

اِنج تے آخر ہونا سی
اَپنا آپ ڈبونا سی

روندے روندے آخر اِک دِن
دِل دا میل وی دھونا سی

عشق دی اوکھی راہواں ملّ کے
کملیاں وی تے ہونا سی

اِک دِن سارے ایہ کہندے نیں
دُنیا میلہ سوہنا سی

شے کیہڑی ایتھے نہ لبھے
ایتھے کیہ انہونا سی

جان کے بازی ہار گئے آں
جِت کے وی تے رونا سی

☆

جِڑے لوکی پردیساں نُوں اَپنا دیس بنا لیندے نیں
پیسے پِچھے نسدے نسدے ڈاڈھے دھوکے کھا لیندے نیں

غرضاں دی ماری دُنیا وِچ کوئی وی سجن بیلی نہیں
سجن بیلی اوہی جِڑے رُسے یار منا لیندے نیں

پیار کرو تے مِٹھڑا بولو رل مِل جینا سِکھو سبھ
نفرت دی دِیواراں نُوں ایہ سچل جذبے ڈھا لیندے نیں

جِہناں دے عملاں دے سِر تے اَج وی دُنیا وسدی اے
پیار دے دِیپ جلا کے اوہ دھرتی اَسمان بنا لیندے نیں

کل دی گل نہ کرنا سجنو کل کِسے وی تکیا نہیں
اَپنا اَج سوارن والے جگ تے مان ودھا لیندے نیں

☆

میں کاہنوں سوچ وِچار کراں
میں کاہنوں کسے نال پیار کراں

اوہ ٹُر گیا ہُن میں کس دے لئی
کھول بُوہے نوں انتظار کراں

ایہ عِشق تماشا سوکھا نہیں
بن بیڑی دریا پار کراں

اِک جِندڑی ہجر چ کٹی اے
دس اینہوں کِنج شمار کراں

جو دِل میرے تے گُزری اے
کِنج اکھراں وِچ اظہار کراں

☆

دھوکھا ہر پل کھانا پَیندا
فیر وی ساتھ نبھانا پَیندا

اَپنا آپ مناون لئی رُخ
سُورج وانگ بنانا پَیندا

کملی ہو کے کِسے دے پِچھے
جِت کے وی ہر جانا پَیندا

عِشق دا دارُو پِی عاشق نُوں
سُولی تے چڑھ جانا پَیندا

آپ رُسن نال کجھ نہیں ہوندا
رُسیا یار منانا پَیندا

اکھیاں روشن رکھن لئی
دِل دا دِیپ جلانا پَیندا

☆

سجّری سوہنی ہستی تیری
پھُلاں وانگ مہکدی سی

جی نہیں کردا اے منن نُوں
ہُن نہ تینوں ویکھ سکاں گے

کپاہ دا چانن چھڈ کے ہُن تُوں
سُورج تے دستک دِتی اے

وعدہ کیوں کیتا سی اڑیئے
فخر دا مان ودھاواں گی

پیار دا دِیوا بال کے سوہنی
کلیاں اوہنوں چھڈ بیٹھی ایں

آپ انھیرے ملّ بیٹھی ایں .
آپ انھیرے ملّ بیٹھی ایں

(شائستہ حبیب لئی)

☆

اساں کدوں آکھیا سی دُنیا ای چھوڑ دے
اَینی گل کیتی میرا پیار مینوں موڑ دے

لمیاں جُدائیاں پا کے میرے ویڑھے آیا سَیں
اِنج نہیں سی سوچیا کہ اِنج تینوں ٹور دے

ہور میرے سوہنیا میں کجھ نہیں منگدی
مینوں میرا ساتھی ربّا سوہنیا توں موڑ دے

منگیاں سی خیراں اساں ایہ تے نہیں سی منگیا
میری ساری جِنڈڑی توں ہنجواں چ روڑھدے

☆

تہاڈے نال سوہنیو میں دوستی وی لانی اے
گل وی نبھانی اے تے توڑ وی پہچانی اے

واجاں دے دے ہار گئی مُڑ کے نہ تکیا
نیویں پا کے لنگھدے او ڈاڈھی حیرانی اے

پیار نُوں میں لبھدے ایہ عُمر گنوائی اے
کدی بہِ کے سُن لینا لمی ایہ کہانی اے

سماں برسات دا اے دِل ساڈا ڈولدا
سوہنی مُٹیاراں ہُن پینگھ کدوں پانی اے

رانجھے نال پیار پا کے اِنج تے فیر ہونا سی
کُونج وانگوں ہیریئے تُوں کاہنوں کُرلانی اے

مزا اساں لینا ہُن چانٹیاں راتاں دا
کوٹھے اُتے سَونا اے تے منجی وی اُنانْ اے

لونگ والی کُڑی میرا دِل پرچاندی اے
پچھے پچھے جانا اے تے گل وی ودھانْ اے

شہر وِچ اساں کل میلے اُتے جانا اے
کپڑے دُھلانے نیں تے جُتّی وی گنڈھانْ اے

دِل میرا کردا کہ واج ایہنوں ماراں میں
ڈر منوں لگے اوہدے ہتھ چ مدھانْ اے

☆

ہنجواں دی برسات اے سائیں
چنگی ایہ سوغات اے سائیں

چار چُفیرے گھُپ انھیرا
ڈنگدی جانڈی رات اے سائیں

کدی نہ میرے ول تکیا اے
پچھّی نہ گل بات اے سائیں

سجدہ تینوں ای پھبدا اے
اُچی تیری ذات اے سائیں

کون سی خورے جتن والے
ویکھی اساں تے مات اے سائیں

☆

کیہ کرنا جاگیراں نُوں
پٹن لئی لکیراں نُوں

عِشق دا کاسا پھڑ کے ہُن
لبھدے پھرے فقیراں نُوں

باجھ دُعاواں کیہ دیواں
اَینے سوہنے وِیراں نُوں

گل عاشق دی سمجھ نہ آئی
دُنیا دے اسیراں نُوں

سبھ کجھ تہاڈی اکھاں اگے
کیہ کرنا تصویراں نُوں

☆

گل مینوں اِک دسّ نی کُڑیئے
کیہ کریئے تے کیہ نہ کریئے

میں تاں اَج تک سِکھیا ایہی
کیتی اَن کیتی توں ڈریئے

کجھ نہ کجھ تے کرنا پیسی
جِنڈڑی اپنی آپ نہ ہریئے

اِک نہ اِک دِن مر جاواں گے
عِشق دا پیالا پی کے مریئے

بھید نہ کھُلدا لگی اگ دا
ہنجو پی کے دِل وِچ سڑیئے

☆

ہنگھے درد جگا جانّدا ایں
مینوں روز رُلا جانّدا ایں

ایہ کم تے فیر چنگا نہیں
ڈِگدے نُوں ڈِگا جانّدا ایں

تیریاں چالاں دے کیہ کہنے
بتیاں نُوں ہروا جانّدا ایں

درد وِچھوڑا دے کے سانوں
گجھیّاں پیڑاں لا جانّدا ایں

☆

سُکھنا اِک میں سُکھیا اے
دِیوا بال کے رکھیا اے

عِشق دا بُوہا کھول کے میں
تیرے ول ای تکیا اے

جِنڈڑی مُک جانڈی اے لیکن
کم کدی کوئی رُکیا اے

اَپنی ہر اِک سدّھر نُوں میں
اَپنے اندر ڈکیا اے

مان ایمان یقین دا بنڈا
ٹُٹ کے وی نہ مُکیا اے

☆

دِل دا بُوہا کھول توں سائیں
میرے اندر بول توں سائیں

میں وی تیری کجھ لگدی آں
دُکھ جنڈڑی وِچ گھول توں سائیں

عِشق دا چولا پا بیٹھی آں
ککھاں وِچ نہ رول توں سائیں

دِل دِیاں تینوں دس دِتیاں نیں
مینوں ہور نہ پھول توں سائیں

میں لیلیٰ میں ہیر میں سسی
بن جا میرا ڈھول توں سائیں

☆

شیشے ورگے سارے گھر
ہتھاں وِچ نہ پھڑ پتھر

کیکن گل بنے گی ہُن
چُپ کیتے نیں سبھ اکھر

رات انھیری آئی اے
لے کے یاداں دے لشکر

چنگا مندا کجھ وی نہیں
قِسمت دے نیں سبھ چکر

کوئی کسے دی سُندا نہیں
دُنیا ہو گئی اے خود سر

☆

میں دُکھ ونڈاون نِکلی آں میں اَپنا قول نبھایا اے
نفرت دے اِس ماحول دے وِچ میں پیار دا بُوٹا لایا اے

میں کمِٹمنٹ دی بندی آں بھاویں چنگی آں بھاویں مندی آں
میں مہنا وقت نُوں نہیں دِتا میں اَپنا کم مُکایا اے

ایہ کِتّی سوہنی سدھر اے ہر کوئی میرا مِتر اے
مل جُل کے دُکھ سُکھ سہنا ہی جِندڑی دا ہُن سرمایا اے

دُنیا تے ڈاڈھی کوجھی اے کوئی جلدا اے کوئی سڑدا اے
پر اَپنی رِیت نرالی اے جی کر کے سبھ نُوں بلایا اے

اوہ کملی جھلی لگدی اے ہر اِک نُوں جُھک کے مِلدی اے
شہناز نے مِٹھڑی گلاں توں جی سبھ دا ای پرچایا اے

☆

مِٹی دے گھر برساتاں وِچ ڈھہہ جانّدے نیں
پکے پتھر درد ہُلّارے سہہ جانّدے نیں

ہولی ہولی اپنا پینڈا پورا کر
نسن بھجن والے تھک کے بہہ جانّدے نیں

ٹُر جانّدے نیں جاون والے پچھُدے نہیں
گجھیاں پیڑاں درد کھلارے رہ جاندے نیں

کملے لوک سیانے کِنّے ہونّدے نیں
کملے بن کے ڈُونگھیاں گلاں کہہ جانّدے نیں

ہجر سمے وِچ اِنج وی ہونّدا اے شہناز
موتی ڈُلھ جاندے نیں تارے رہ جانّدے نیں

☆

پیا ملن دی آس لگائی
کملی جان مری کملائی

نہ مل کنڈیاں والیاں راہواں
رل مل سبھ نے گل سمجھائی

تیرے پچھے لگ کے سجنا
سدھی گل وی سمجھ نہ آئی

بھانبھڑ اندر بال کے سجنا
لبھ لئی نور دی میں رُشنائی

جے توں مینوں نظر نہ آویں
جگ وِچ دیندی پھراں دُہائی

بڑا ای سوہنا میرا رانجھن
میں رانجھن بن کے پچھتائی

سوہنے نبی صلی اللہ علیہ وآلہ وسلم دے سوہنے در دی
ربّ سوہنے نے راہ دِکھلائی

مِل جائے گا تینوں سوہنا
ہر پاسوں آواز ایہ آئی

☆

زخماں نال دِل چُور تے نہیں
ایڈی وی مجبور تے نہیں

اوکھے پینڈے کٹ لئے سن
منزل ہُن کجھ دُور تے نہیں

ہِجر دی اگ دا بھانبھڑ اے
اندر میرے تندور تے نہیں

واج اوہ وکھری لانڈا اے
کدھرے اوہ منصور تے نہیں

تینوں اِک دِن لبھ لاں گی میں
گھٹ اس دِل وِچ نُور تے نہیں

☆

ظُلم دی ہر تصویر مٹائی جا سکدی سی
نفرت دی دِیوار تاں ڈھائی جا سکدی سی

شیراں وانگ میں ہِک وِچ نیزا کھادا سی
بُزدل بن کے جان بچائی جا سکدی سی

اَپنے ہتھی چپّو توڑ کے سُٹ دِتے سن
ورنہ بیڑی پار لگائی جا سکدی سی

بجھّے بند اکھاں دے جے کر ٹُٹ جانّدے
بِن موسم برسات منائی جا سکدی سی

رحمتاں والی واج جے پے جاندی شہنازؔ
فیر مِلن دی آس لگائی جا سکدی سی

☆

رات انھیری بُکّل مارے
جلدے بجُھدے تارے لبھاں

سارا جگ سجن میرا اے
کِس دے لئی خسارے لبھاں

شاید کم کِسے دے آواں
دُکھ درداں دے مارے لبھاں

رانجھن میرا میں رانجھن دی
کاہنوں محل منارے لبھاں

سوہنی بن کے تردی جاواں
ڈُبن لئی کنارے لبھاں

☆

درد وِچھوڑا سہ نہ پاواں
کِنہوں دِل دا حال سُناواں

تیرے بِن میں جی نہیں سکدی
کِنج میں دُنیا نُوں سمجھاواں

چکر ویلے دا کھوہ لیَندا
ٹھنڈیاں چھاواں سوہنیاں ماواں

اَپنا ہوش نہ مینوں رہندا
کِنج دُنیا دے نال نبھاواں

غم دے دریا دے وِچ ڈُب کے
اوکھیاں ہو گئیاں نیں ساہواں

ویلے دی چلدی چکّی وِچ
موٹھاں وانگ میں پِسدی جاواں

سوہنیا دُکھ کسے نہ دیویں
ربّا سبھ دِیاں دُور بلاواں

جیوں دِل ول سکھ نہ پائی
جِت کے وی میں ہردی جاواں

☆

بُوٹا پیار دا میرے اندر ربّ نے ایسا لایا
روڑھ دِتا اے اوہدے پِچھے جِنڈڑی دا سرمایا

ساری عُمر اساں تے اَپنی جد دا ساتھ نبھایا
دُکھ دیون والے نے ایتھے سُکھ کدی نہ پایا

سبھ دی سُن کے سبھ دی من کے گل اَپنی منوائی
ویلے اوکھے سوکھے آئے سِر کدے نہ جُھکایا

اَپنیاں بھیناں تے وِیراں دی ہر دم خیراں منگاں
ڈِگن مینوں کد دیندا اے میری ماں دا جایا

ایسے لوک وی تکے جِڑے اَپنی اَپنی کہندے
دُوجے دی واری تے کہندے کیہ تُساں فرمایا

پھل پُھلاں دے نال بھیرے کنڈے راہ وِچ آئے
چُپ چپیتے سبھ کجھ اَپنی جھولی دے وِچ پایا

دُھپاں دے وِچ ننگے سِر تے ننگے پیر چلی آں
کدوں میں رب دے باجھ کِس دا بُوہا اے کھڑکایا

نظماں

سوچ دی گنڈھ

فیر خالی اے کشکول مِرا
میری سوچ دا بُوہا کھول ذرا
فیر خالی اے کشکول مِرا
مِرے اندر بھانبھڑ بلدے نیں
اکھاں وِچ سُفنے پلدے نیں
مِرے اندر سوچ دی گنڈھری اے
پر سوچ نمانی چنّدری اے
کِنج گنڈھری چُک لیاواں میں
کِنج خیر فِکر دی پاواں میں
ہُن توں دس کِدھر جاواں میں
کیہ سُفنے سارے توڑ دیاں
یاں بھانبھڑ سارے موڑ دیاں
یاں دِل کملے دی من جاواں
جگ سارا پِچھے چھوڑ دیاں
اکھاں وِچ اتھرو آئے نیں
یاداں نے دِیپ جلائے نیں
میں کملی ہو کے پھردی آں
فیر خالی اے کشکول مِرا
توں بھردے ہُن کشکول مِرا
توں اندر میرے بول ذرا

فیر خالی اے کشکول مِرا
تُوں بھر دے ہُن کشکول مِرا
تُوں اندر میرے بول ذرا
تُوں اندر میرے بول ذرا

گجھیاں پیڑاں

ہر پاسے دُھپاں ہی دُھپاں
چھاں تے بدل لبھدے لبھدے عُمر گزاری
ہنجواں دی برساتاں وِچ میں
لمیاں راتاں جاگ کے کٹیاں
لُوں لُوں دے وِچ بھانبھڑ مچے
بلدے بلدے اَک گئی ساں
باہر نِکلی دُنیا تکی
سوہنے لوک سن سوہنیاں اکھاں
اکھاں وِچ سُفنے وسدے سن
کوئی وی سُفنا پُورا نہیں سی
کِرچاں وانگ ایہ ٹُٹے سُفنے
گجھیاں پیڑاں ونڈ رہے سن
ہسدے لوک وی وسدے تکے
پر اینا میں جان گئی ساں
اُس ہاسے دے پِچھے خورے
کِنّے ڈُونگھے درد چھُپے سن
ہسدے چہرے رونّدے چہرے
دس رہے سن
دُنیا ونّ سونّا میلہ
ہر ہر رُوپ ایہدا البیلا
جیون دی تے گل نہ کرنا
مرنا وی ایتھے سوکھا نہیں

اندر میرے بول توں سائیاں

بابا بُلھے شاہ نوں پُچھّاں
عِشق دا دِیوا بال کے سائیں
قبراں ملّ کے بہِ گئے او
ساڈے ورگے کملے جھلے
تہاڈے ورگے ہو نہیں سکدے
گل وِچ پا کے عشق دی مالا
سڑکاں اُتے رُلدے آں
درد وِچھوڑا سہہ نہیں سکدے
یار بِناوی رہ نہیں سکدے
ٹکراں مار کے ایدھر اودھر
اَپنے آپ نوں لبھدے آں
ایسا کیہ فیر ہو نہیں سکدا
قبراں وِچوں واج لگاؤ
ہتھ پھڑاؤ کول بٹھاؤ
عشق نوں سِدھی راہ تے پاؤ
عشق تماشا کردے کردے
آپ تماشا بن گئی آں
ختم کروالے عِشق تماشا
بن گیا سارے جگ وِچ ہاسا

عِشق مخول نہیں ہوندا سائیاں
نیویں پا کے لنگھ نہیں سکدے
دِل دا کِویں حال سُناواں
کِنج میں وِچھڑیا یار مناواں
اَپنے آپ وِچ ڈُب کے سائیاں
اَپنا آپ گنوا بیٹھی آں
بیڑا پار لگا دے سائیاں
وِچھڑیا یار ملا دے سائیاں
ہور نہ مینوں رول توں سائیاں
عِشق مخول نہیں ہوندا سائیاں
ہور نہ مینوں رول توں سائیاں
میرے اندر بول توں سائیاں
من دا بُوہا کھول توں سائیاں
ہور نہ مینوں رول توں سائیاں
اندر میرے بول توں سائیاں

کیہ میں تیری کجھ نہیں لگدی

اِک گل میں وی پچھنی اے توں رُسنا نہیں
اِک گل میں وی دسنی اے توں کُٹنا نہیں
محل منارے اوہدے لئی نیں
چن ستارے اوہدے لئی نیں
ہاسے سارے اوہدے لئی نیں
درد چوبارے میرے لئی نیں
ٹُٹے تارے میرے لئی نیں
ہنجو سارے میرے لئی نیں
گل سُن میریا سوہنیا ربّا
مینوں ہتھ پھڑانڈا کیوں نہیں
مینوں توڑ پُچانڈا کیوں نہیں
سُکھ دی چھاں بٹھانڈا کیوں نہیں
میتھوں یاری لانڈا کیوں نہیں
کیہ میں تیری کجھ نہیں لگدی

عشق تماشا

دردِ وچھوڑا کوئی نہ سمجھے
کیکن اپنا حال سُناواں
عشق دی گھُمّن گھیری پا کے
کُونج وانگوں کُرلاندی جاواں
گھُمّن گھیری پاندی جاواں
کُونج وانگوں کُرلاندی جاواں
سُن وے میریا سوہنیا ربّا
عِشق تماشا کردے کردے
آپ تماشا بن گئی آں
کملی جھلی آکھن سارے
جگ وِچ ہاسا بن گئی آں
سُن وے میریا سوہنیا ربّا
عاشق مان ودھاندا کیوں نہیں
ہجر توں جان چھڈاندا کیوں نہیں
نُور نصیب بناندا کیوں نہیں
سُتّے بھاگ جگاندا کیوں نہیں
عِشق نُوں توڑ پہچاندا کیوں نہیں
عاشق یار ملاندا کیوں نہیں
دُکھ کملی دا وَنڈاندا کیوں نہیں
کملی نُوں سمجھاندا کیوں نہیں

بیڑی پار لگاندا کیوں نہیں
مینوں کول بٹھاندا کیوں نہیں
میرا توں بن جاندا کیوں نہیں

بابا گُرو نانک

وقت اولڑا ایسا آیا
رات نے ہر سُو ڈیرا لایا
وکھرے وکھرے چولے پا کے
ہر اِک وکھرا دِیپ جلایا
سمجھ کسے نُوں کجھ نہ آیا
منزل دا رستا نہ پایا
سارے بندے اِس دُنیا دے
اکو ربّ نُوں منن والے
مذہب بے شک وکھرا سبھ دا
عاشق نیں اُس رب دے سارے
سبق جِہڑا احمدؐ نے پڑھایا
ہر اِک نے اُس نُوں دُہرایا
جدوں وی اوکھا ویلا آیا
ربّ سوہنے رہبر بھجوایا
بُدھّا آئے رامن آئے
رِشی تے کرشن آئے
پنج دریاواں دی دھرتی
لالچ حسد نے ڈیرا لایا
دھرتی نُوں فیر پاک کرن لئی
بابا گُرو نانک آیا

اوہدی ہستی سوہنی سچّی
اوہنے وی گل ایہوی دسی
مِل جُل کے سبھ رہنا سکھو
دُکھ ونڈاؤ مِل کے ہسّو
بندا بندے دا دارُو اے
اِک دُوجے دے بن کے وسو
عاشق رب دا گُرو نانک
سجن سبھ دا گُرو نانک
رب دی رحمت گُرو نانک
جگ دی عظمت گُرو نانک
گُرو نانک دا فرمایا
ساری دُنیا دے کم آیا
سبھ نے اُسدا قول نبھایا
ہر اِک نے اُس نُوں اپنایا
دُور ہوئی جگ توں بُرِیائی
ہر پاسوں فیر واج ایہ آئی
بابا گُرو نانک آیا
امن و امان نے ڈیرا پایا
بابا گُرو نانک آیا

مینوں دس فیر توں کیہ کردا

عشق دا چولا پانا پیندا
نچ کے یار منانا پیندا
رسماں دی سُولی تے چڑھ کے
اپنا آپ گوانا پیندا
مینوں دس فیر توں کیہ کردا
دردِ چھوڑا لانا پیندا
دھوکھا پل پل کھانا پیندا
سڑکاں تے رُل جانا پیندا
گھمّن گھیری پا کے اِنج ای
خالی ہتھ ٹُر جانا پیندا
مینوں دس فیر توں کیہ کردا
تینوں تھلے آنا پیندا
بندے وانگ نبھانا پیندا
لِکھے ہوئے تے راضی رہ کے
نِیویں پا ٹُر جانا پیندا
مینوں دس فیر توں کیہ کردا

بے وساہی

ٹھُونہیں وانگ نہ ڈنگ سکدی آں
نیولے وانگ نہ لڑ سکدی آں
مکڑی وانگ میں جلدی جلدی
جالا وی نہیں بُن سکدی آں
اِنساناں دے اس جنگل وِچ
چار چُفیرے کندھاں میرے
اَپنا آپ بچاون دے لئی
کندھاں اُچیاں کر کے مینوں
چھت بنانْی پے جاندی اے
بُوہے لانے پے جاندے نیں
باہروں کوئی آ نہ جائے
کُنڈی لانْی پے جاندی اے
وانگ کبوتر مُونہہ نُوں لُکا کے
جان بچانْی پے جاندی اے

شیشے دے جسّے والی

شیشے ورگے جسّے والی
ہر اِک عورت ہوندی اے
اوہدا ہر اِک رُوپ اولڑا
ہر ہر رُوپ چ پھبّدی اے
سُندی اے ہر اِک دِیاں گلاں
کِسے کولوں کد رُسدی اے
سبھ دا درد ونڈا لیندی اے
اپنا آپ گوا دیندی اے
ہنجو سبھ دی اکھاں دے اوہ
اپنی اکھ وِچ پا لیندی اے
دُھپاں دے وِچ ننگے پیریں
چل چل کے اوہ تھکدی نہیں
شیشے ورگے اِس جسّے نُوں
پتھر پیندے رہندے نیں
کِرچی کِرچی ہو جاندی اے
ٹُٹ کے فیر کھِلر جاندی اے
خورے کِسراں جسّے نُوں
سانبھ سانبھ کے ٹُردی اے
گھٹ ای ایسے لوک نیں جڑے
اِس نُوں عزت دیندے نیں

شیشے دے جسُے والی نُوں
شیشے وانگ سمجھدے نیں
سانبھ سانبھ کے رکھدے نیں

اَنا دا پتّھر

ساڈی جِنڈڑی دا اوہ پیمبر سی
لوکی کہنڈے نیں اوہ سِتمگر سی
سِر نہ نیواں کدی وی کیتا سی
اُس دے اگے اَنا دا پتھر سی
نال پتھر دے متھا پھوڑ لیا
اِک قرض وفا مِرے سر سی

ہجر دی بُکّل

ہجر دی بُکّل مار کے سِر تے ٹُردی آں
اَپنی اگ وِچ کلّی پئی میں بلدی آں
واجاں دی گنڈھری نُوں چُک کے موڈھے تے
چُپ دی پوڑی ہولی ہولی چڑھدی آں
اَپنا آپ سمیٹن دی کوشش دے وِچ
ٹوٹے ٹوٹے ہو کے روز کھِلردی آں

مِٹی

مِٹی لے کے ہتھ وِچ اَپنے
کدوں دی بیٹھی سوچ رہی آں
میں وی مُورت مِٹی دی آں
اِس مِٹی نال کیہ میں ڈھالاں
برتن بھانڈے بُت بناواں
گھر بناواں قبر تے لاواں
ایہ ہی دِل کملے نُوں سمجھاواں
مِٹی میں وی مِٹی ایہ وی
چنگا نہیں میں دُور دی سوچاں
مِٹی کھیڈاں مِٹی پاواں
ہنڈدے ہنڈدے نال مِٹی دے
خود مِٹی ہو جاواں

☆

کجھ فرض نبھانے پیندے نیں
کجھ قرض وی لاہنے پیندے نیں

کدی آپ وی رُسنا پیندا اے
کدی یار منانے پیندے نیں

☆

دِل دِیاں دِل وِچ رہ گئیاں نیں
سبھ نُوں اَپنیاں پے گئیاں نیں

چُپ وٹی بیٹھے نیں سارے
اکھاں سبھ کجھ کہِ گئیاں نیں

سوہنی دھرتی

اساں وعدا اج اِک کرنا اے
اِس دھرتی وچ رنگ بھرنا اے
ایہ دھرتی شیر جواناں دی
ایہ دھرتی اے اِنساناں دی
ایتھے وسن والے مِترنیں
کہندے اوہ پیار دے اکھرنیں
اساں اج ایہ سبھ نوں دسنا اے
ایہدے ول بس پیار نال تکنا اے
جِہڑا بھیڑی اکھ نال تکے گا
اوہ مزا وی ایہدا چکھے گا
جِہڑا جگ دا پالن والا اے
اِس دھرتی دا رکھوالا اے
ایہ دھرتی ساڈی شان وی اے
ایہ دھرتی ساڈی جان وی اے
ایہ دھرتی ساڈا خزانا اے
سارے جگ نوں سمجھانا اے
ایہدے واسطے سکھنا سکھیا اے
اِک دِیوا بال کے رکھیا اے
اساں ایہدا مان ودھاواں گے
دھرتی اَسمان بناواں گے

خالق دی تلاش

مینوں دس دے کِہڑا موسم میرا اے
مینوں وکھا دے کِہڑا منظر میرا اے
اپنا ٹھکانا لبھدے لبھدے تھک گئی آں
دس وی دے نا کِہڑا اَنبر میرا اے
مِٹی میری عرش تے گُھّ کے
فرش دے اُتے سُٹ دِتا اے
تیری اِس دُنیا وچ ربّا
کدوں دی رُلدی پھردی آں
تینوں لبھدی پھردی آں
دریا چُپ وادی وی چُپ اے
دھرتی چُپ اَسمان وی چُپ اے
موسم بدلی خشبو چُپ اے
تِتلی جُگنو پنچھی چُپ اے
چن نُوں پُچھّاں اوہ لُک جائے
سُورج اگ وِچ بلدا جائے
لبھدے پُچھدے عُمراں لنگھیاں
ایہ ہی اج میں سوچ رہی آں
کُجھ نہ منگاں کُجھ نہ پُچھّاں
اکھاں نُوں اپنی بند کر کے
چُنّی میں پھیلا دیندی آں

ایہ کہندی آں:

تیرے در تے آہی گئی آں

اپنا آپ توں مینوں دے دے

میری ساری جنڈی لے لے

توں گر میرا بن جاویں گا

فیر کیہ غم اے

سبھو موسم میرے موسم

سبھو رنگ فیر میرے رنگ نیں

عشق دا دِیوا

سدّھراں دے جنگل وچ جا کے
میں اپنا آپ گوا بیٹھی
رُکھاں دی چھاں وی دُور ہوئی
میں سُتّے درد جگا بیٹھی
اِس جگ نال پریت لگا بیٹھی
میں کاہنوں دھوکھا کھا بیٹھی
میں کاہنوں پریت ودھا بیٹھی

ہر پاسے گھُپ انھیرا سی
منزل دی راہ گوا بیٹھی
اِک عشق دا دِیوا بال کے میں
سبھ دِیوے آپ بُجھا بیٹھی
میں اِنج ای روگ لگا بیٹھی
میں کاہنوں دھوکھا کھا بیٹھی
میں کاہنوں پریت ودھا بیٹھی

میں ہو گئی ساں کیوں بے قابو
اوہناں اکھاں وچ سی کیہ جادو
بِن سوچے بن سمجھے آئی
تن من دی سُدھ بسرا بیٹھی

اِس جگ نال پریت لگا بیٹھی
میں کاہنوں پریت ودھا بیٹھی

مقصد پاون دی جلدی وچ
میں ریت تے نقش بنا بیٹھی
بِن سوچے سمجھے منزل دے
سبھ رستے آپ مِٹا بیٹھی
اِس جگ نال پریت لگا بیٹھی
میں کاہنوں دھوکھا کھا بیٹھی
میں کاہنوں پریت ودھا بیٹھی

من اندر بیٹھا پِی میرا
رٹ پِی پِی دی میں لگا بیٹھی
من دے بُوہے نُوں بند کر کے
میں اپنے پی نُوں بُھلا بیٹھی
انجان سی دھوکھا کھا بیٹھی
میں کاہنوں پریت لگا بیٹھی
میں کاہنوں دھوکھا کھا بیٹھی

ذرا من دا بُوہا کھول پِیا
تُوں اندر میرے بول پِیا

تُوں ساتھی ایں انمول پیا
ہُن بول پیا ہُن بول پیا
نہ جِنڈڑی میری رول پیا
ہُن بول پیا ہُن بول پیا

میں سارے رِشتے توڑ چکی
میں دُنیا توں مُونہہ موڑ چکی
ہُن تیرے دوارے آ بیٹھی
اِس جگ توں پریت ہٹا بیٹھی
انجان سی دھوکھا کھا بیٹھی
ہُن جگ توں پریت ہٹا بیٹھی

تُوں اپنا مُونہہ ہُن کھول پیا
کجھ بول پیا کجھ بول پیا
نہ عمل نُوں میرے تول پیا
دُکھ جیون وچ نہ گھول پیا
تُوں اندر میرے بول پیا
کجھ بول پیا کجھ بول پیا